Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 21 21/05/2025 www.samajweekly.com samajweekly @samajweekly samajweekly

# ਨਵੇਂ ਲਾਅ ਗਰੈਜੂਏਟ ਨਿਆਂਇਕ ਸੇਵਾਵਾਂ ਦੀ ਪ੍ਰੀਖਿਆ ਨਹੀਂ ਦੇ ਸਕਣਗੇ

## ਸੁਪਰੀਮ ਕੋਰਟ ਨੇ ਤਿੰਨ ਸਾਲ ਦੀ ਪ੍ਰੈਕਟਿਸ ਲਾਜ਼ਮੀ ਕੀਤੀ

**ਨਵੀਂ ਦਿੱਲੀ।** ਦੇਸ਼ ਦੀ ਸਰਵਉਚ ਅਦਾਲਤ ਨੇ ਕਿਹਾ ਹੈ ਕਿ ਕਾਨੂੰਨ ਦੀ ਗਰੈਜੂਏਟ ਕਰਨ ਤੋਂ ਇਕਦਮ ਬਾਅਦ ਇਹ ਗਰੈਜੂਏਟ ਨਿਆਂਇਕ ਸੇਵਾਵਾਂ ਦੀ ਪ੍ਰੀਖਿਆ ਨਹੀਂ ਦੇ ਸਕਣਗੇ। ਇਸ ਪ੍ਰੀਖਿਆ ਨੂੰ ਦੇਣ ਲਈ ਤਿੰਨ ਸਾਲ ਦੀ ਵਕਾਲਤ ਵਜੋਂ ਪ੍ਰੈਕਟਿਸ ਕਰਨੀ ਲਾਜ਼ਮੀ ਕਰ ਦਿੱਤੀ ਗਈ ਹੈ। ਸਰਵਉਚ ਅਦਾਲਤ ਨੇ ਉੱਚ ਨਿਆਂਇਕ ਸੇਵਾ ਜਾਂ ਜ਼ਿਲ੍ਹਾ ਜੱਜ ਦੇ ਕੇਡਰ ਵਿੱਚ ਤਰੱਕੀ ਲਈ ਸੀਮਤ ਵਿਭਾਗੀ ਪ੍ਰਤੀਯੋਗੀ ਪ੍ਰੀਖਿਆ (ਐਲਡੀਸੀਈ) ਲਈ ਰਾਖਵਾਂ ਕੋਟਾ 10 ਤੋਂ ਵਧਾ ਕੇ 25 ਫੀਸਦੀ ਕਰ ਦਿੱਤਾ ਹੈ। ਚੀਫ਼ ਜਸਟਿਸ ਬੀਆਰ ਗਵੱਈ ਅਤੇ ਜਸਟਿਸ ਆਗਸਟੀਨ ਜਾਰਜ ਮਸੀਹ ਅਤੇ ਕੇ ਵਿਨੋਦ ਚੰਦਰਨ ਦੇ ਬੈਂਚ ਨੇ ਉੱਚ ਨਿਆਂਇਕ ਸੇਵਾਵਾਂ ਵਿੱਚ ਖਾਲੀ ਅਸਾਮੀਆਂ ਨੂੰ ਭਰਨ ਨਾਲ ਸਬੰਧਤ ਪ੍ਰਕਿਰਿਆਵਾਂ ਦਾ ਮੁਲਾਂਕਣ ਕਰਦਿਆਂ ਕਿਹਾ ਕਿ ਐਲਡੀਸੀਈ ਕੋਟਾ ਵਧਾਉਣ ਨਾਲ ਨਿਆਂ ਪ੍ਰਸ਼ਾਸਨ ’ਤੇ ਕੋਈ ਮਾੜਾ ਪ੍ਰਭਾਵ ਨਹੀਂ ਪਵੇਗਾ। ਉੱਚ ਨਿਆਂਪਾਲਿਕਾ ਵਿੱਚ 25 ਫੀਸਦੀ ਅਸਾਮੀਆਂ ਬਾਰ ਤੋਂ ਸਿੱਧੀ ਭਰਤੀ ਰਾਹੀਂ ਭਰੀਆਂ ਜਾਂਦੀਆਂ



ਹਨ ਜਦਕਿ ਕੁੱਲ ਅਸਾਮੀਆਂ ਵਿੱਚੋਂ 50 ਫੀਸਦੀ ਯੋਗਤਾ-ਕਮ-ਸੀਨੀਆਰਤਾ ਦੇ ਸਿਧਾਂਤ ਦੇ ਆਧਾਰ ’ਤੇ ਤਰੱਕੀ ਰਾਹੀਂ ਭਰੀਆਂ ਜਾਂਦੀਆਂ ਹਨ। ਬੈਂਚ ਨੇ ਕਿਹਾ, “ਦੇਸ਼ ਦੀਆਂ ਸਾਰੀਆਂ ਹਾਈ ਕੋਰਟਾਂ ਅਤੇ ਸੂਬਾ ਸਰਕਾਰਾਂ ਸਬੰਧਤ ਸੇਵਾ ਨਿਯਮਾਂ ਵਿੱਚ ਸੋਧ ਕਰਨਗੀਆਂ ਤਾਂ ਕਿ ਸਿਵਲ ਜੱਜ (ਸੀਨੀਅਰ ਡਿਵੀਜ਼ਨ) ਦੇ ਕੇਡਰ ਤੋਂ ਉੱਚ ਨਿਆਂਇਕ ਸੇਵਾ ਵਿੱਚ ਤਰੱਕੀ ਲਈ ਐਲਡੀਸੀਈ ਲਈ ਰਾਖਵਾਂਕਰਨ ਦਾ ਕੋਟਾ ਵਧਾ ਕੇ 25% ਕੀਤਾ ਜਾਵੇ।

# ਸ੍ਰੀ ਹਰਿਮੰਦਰ ਸਾਹਿਬ ’ਚ ਹਵਾਈ ਸੁਰੱਖਿਆ ਗੰਨਾਂ ਲਗਾਉਣ ਦੇ ਦਾਅਵੇ ਰੱਦ

**ਅੰਮ੍ਰਿਤਸਰ।** ਭਾਰਤ ਅਤੇ ਪਾਕਿਸਤਾਨ ਵਿਚਾ-ਲੇ ਗੋਲੀਬੰਦੀ ਤੋਂ ਬਾਅਦ ਭਾਰਤੀ ਫੌਜ ਨੇ ਬੀਤੇ ਦਿਨ ਖੁਲਾਸਾ ਕੀਤਾ ਸੀ ਕਿ ਪਾਕਿਸਤਾਨੀ ਫ਼ੌਜ ਨੇ ਸ੍ਰੀ ਹਰਿਮੰਦਰ ਸਾਹਿਬ ਅਤੇ ਪੰਜਾਬ ਦੇ ਹੋਰ ਸ਼ਹਿਰਾਂ ਨੂੰ ਨਿਸ਼ਾਨਾ ਬਣਾਇਆ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅੱਜ ਇੱਥੇ ਭਾਰਤੀ ਫ਼ੌਜ ਦੇ ਇਸ ਦਾਅਵੇ ਨੂੰ ਰੱਦ ਕੀਤਾ ਹੈ ਕਿ ਸ੍ਰੀ ਹਰਿਮੰਦਰ ਸਾਹਿਬ ਵਿਖੇ ਹਵਾਈ ਸੁਰੱਖਿਆ ਗੰਨਾਂ ਤੈਨਾਤ ਕੀਤੀਆਂ ਗਈਆਂ ਸਨ। ਭਾਰਤੀ ਫ਼ੌਜ ਦੇ ਲੈਫ਼ਟੀਨੈਂਟ ਜਨਰਲ ਸੁਮੇਰ ਇਵਾਨ ਨੇ ਬੀਤੇ ਦਿਨ ਇੱਕ ਚੈਨਲ ਨਾਲ ਇੰਟਰਵਿਊ ਦੌਰਾਨ ਭਾਰਤ-ਪਾਕਿਸਤਾਨ ਤਣਾਅ ਦਰਮਿਆਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਫ਼ੌਜ ਦੀਆਂ ਹਵਾਈ ਸੁਰੱਖਿਆ ਗੰਨਾਂ ਲਗਾਉਣ ਸਬੰਧੀ ਦਾਅਵਾ ਕੀਤਾ ਗਿਆ ਸੀ।



ਇਸ ਦਾਅਵੇ ਨੂੰ ਮੂਲੋਂ ਰੱਦ ਕਰਦਿਆਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਐਡੀਸ਼ਨਲ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਨੇ ਇਸ ਨੂੰ ਹੈਰਾਨੀਜਨਕ ਕਰਾਰ ਦਿੱਤਾ ਹੈ। ਉਨ੍ਹਾਂ ਸਪੱਸ਼ਟ ਕੀਤਾ ਹੈ ਕਿ ਬੀਤੇ ਦਿਨੀਂ ਅੰਮ੍ਰਿਤਸਰ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ਼ਹਿਰ ਵਿੱਚ ਬਲੈਕਆਊਟ ਸਬੰਧੀ ਕੀਤੀਆਂ ਗਈਆਂ ਹਦਾਇਤਾਂ ਦੇ ਮੱਦੇਨਜ਼ਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਪ੍ਰਬੰਧ ਵੱਲੋਂ ਸਹਿਯੋਗ ਕੀਤਾ ਗਿਆ, ਇਸ ਦੌਰਾਨ ਸ੍ਰੀ ਦਰਬਾਰ ਸਾਹਿਬ ਸਮੂਹ ਦੀਆਂ ਬਾਹਰਲੀਆਂ ਤੇ ਉੱਪਰਲੀਆਂ ਲਾਈਟਾਂ ਤੈਅ ਸਮੇਂ ਸੀਮਾ ਅਨੁਸਾਰ ਬੰਦ ਕੀਤੀਆਂ ਗਈਆਂ ਪਰ ਜਿੱਥੇ-ਜਿੱਥੇ ਗੁਰੂ ਦਰਬਾਰ ਦੀ ਮਰਿਆਦਾ ਚਲਦੀ ਹੈ, ਉਨ੍ਹਾਂ ਥਾਵਾਂ ਉੱਤੇ ਲਾਈਟਾਂ ਚੱਲਦੀਆਂ ਰੱਖ ਕੇ ਪੂਰੀ ਜ਼ਿੰਮੇਵਾਰੀ ਨਾਲ ਮਰਿਆਦਾ ਨਿਭਾਈ ਗਈ ਹੈ। ਉਨ੍ਹਾਂ ਕਿਹਾ ਕਿ ਭਾਰਤੀ ਫ਼ੌਜ ਦੇ ਲੈਫਟੀਨੈਂਟ ਜਨਰਲ ਵੱਲੋਂ ਇਹ ਦਾਅਵਾ ਕਰਨਾ ਕਿ ‘ਅਪਰੇਸ਼ਨ ਸਿੰਧੂਰ’ ਦੌਰਾਨ ਹੈੱਡ ਗ੍ਰੰਥੀ ਵੱਲੋਂ ਫ਼ੌਜ ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਆਪਣੀਆਂ ਹਵਾਈ ਸੁਰੱਖਿਆ ਗੰਨਾਂ ਲਗਾਉਣ ਦੀ ਪ੍ਰਵਾਨਗੀ ਦਿੱਤੀ ਗਈ ਹੈ, ਇਹ ਮੂਲੋਂ ਗਲਤ ਹੈ ਕਿਉਂਕਿ ਅਜਿਹੀ ਕੋਈ ਪ੍ਰਵਾਨਗੀ ਨਹੀਂ ਦਿੱਤੀ ਗਈ ਅਤੇ ਨਾ ਹੀ ਕੋਈ ਗੰਨਾਂ ਇਸ ਪਾਵਨ ਅਸਥਾਨ ’ਤੇ ਤੈਨਾਤ ਕੀਤੀਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਸਮੂਹ, ਲੰਗਰ ਸ੍ਰੀ ਗੁਰੂ ਰਾਮਦਾਸ, ਅਖੰਡ ਪਾਠ ਵਾਲੇ ਅਸਥਾਨ ਅਤੇ ਹੋਰ ਸਬੰਧਿਤ ਗੁਰੂ ਅਸਥਾਨਾਂ ਦੀ ਰੋਜ਼ਾਨਾ ਚੱਲਣ ਵਾਲੀ ਮਰਿਆਦਾ ਲਾਜ਼ਮੀ ਹੁੰਦੀ ਹੈ, ਜਿਸ ਵਿੱਚ ਕਿਸੇ ਕਿਸਮ ਦਾ ਵਿਘਨ ਪਾਉਣ ਦਾ ਅਧਿਕਾਰ ਕਿਸੇ ਨੂੰ ਨਹੀਂ ਹੈ। ਗਿਆਨੀ ਅਮਰਜੀਤ ਸਿੰਘ ਨੇ ਕਿਹਾ ਕਿ ਬੀਤੇ ਦਿਨੀਂ ਬਣੇ ਹਾਲਾਤ ਦੇ ਮੱਦੇਨਜ਼ਰ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਖੇ ਗੁਰੂ ਦਰਬਾਰ ਦੀ ਸਮੁੱਚੀ ਮਰਿਆਦਾ ਪੂਰਨ ਸਮਰਪਣ ਭਾਵ ਅਤੇ ਦ੍ਰਿੜ੍ਹਤਾ ਨਾਲ ਜਾਰੀ ਰੱਖੀ ਗਈ ਹੈ। ਉਨ੍ਹਾਂ ਕਿਹਾ ਕਿ ਬਲੈਕਆਊਟ ਸਮੇਂ ਕਿਸੇ ਵੀ ਗੁਰ ਅਸਥਾਨ ਜਿੱਥੇ ਮਰਿਆਦਾ ਚੱਲਦੀ ਹੋਵੇ ਉਸ ਦੀਆਂ ਲਾਈਟਾਂ ਬੰਦ ਨਹੀਂ ਕੀਤੀਆਂ ਗਈਆਂ। ਵਧੀਕ ਹੈੱਡ ਗ੍ਰੰਥੀ ਨੇ ਕਿਹਾ ਕਿ ਭਾਰਤੀ ਫ਼ੌਜ ਦੇ ਅਧਿਕਾਰੀ ਨੇ ਅਜਿਹਾ ਬਿਆਨ ਕਿਉਂ ਦਿੱਤਾ ਇਸ ਬਾਰੇ ਤਾਂ ਉਹ ਹੀ ਸਪੱਸ਼ਟ ਕਰ ਸਕਦੇ ਹਨ ਪਰ ਅਜਿਹਾ ਕਹਿਣਾ ਬਹੁਤ ਗ਼ਲਤ ਤੇ ਹੈਰਾਨੀਜਨਕ ਹੈ। ਉਨ੍ਹਾਂ ਕਿਹਾ ਕਿ ਵਧੀਕ ਮੁੱਖ ਗ੍ਰੰਥੀ ਵਜੋਂ ਉਹ ਇਹ ਗੱਲ ਦਾਅਵੇ ਨਾਲ ਕਹਿ ਰਹੇ ਹਨ ਕਿ ਗੰਨਾਂ ਲਗਾਉਣ ਸਬੰਧੀ ਕੋਈ ਪ੍ਰਵਾਨਗੀ ਫ਼ੌਜ ਨੂੰ ਨਹੀਂ ਦਿੱਤੀ ਗਈ।

**ਪ੍ਰਸ਼ਾਸਨ ਨੂੰ ਸਿਰਫ਼ ਬਲੈਕਆਊਟ ’ਚ ਸਹਿਯੋਗ ਦਿੱਤਾ: ਧਾਮੀ**

ਫ਼ੌਜ ਦੇ ਅਧਿਕਾਰੀ ਵੱਲੋਂ ਇਸ ਬਿਆਨ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ, ‘‘ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਉਨ੍ਹਾਂ ਨਾਲ ਬਲੈਕਆਊਟ ਦੇ ਸਮੇਂ ਲਾਈਟਾਂ ਬੰਦ ਕਰਵਾਉਣ ਸਬੰਧੀ ਸੰਪਰਕ ਕੀਤਾ ਗਿਆ ਸੀ, ਜਿਸ ਸਬੰਧੀ ਪ੍ਰਬੰਧਕੀ ਤੌਰ ’ਤੇ ਜ਼ਿੰਮੇਵਾਰੀ ਸਮਝਦਿਆਂ ਅਸੀਂ ਪੂਰਨ ਸਹਿਯੋਗ ਕੀਤਾ ਸੀ।’’ ਉਨ੍ਹਾਂ ਕਿਹਾ ਕਿ ਭਾਰਤੀ ਫ਼ੌਜ ਦੇ ਅਧਿਕਾਰੀਆਂ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹਵਾਈ ਸੁਰੱਖਿਆ ਗੰਨਾਂ ਲਗਾਉਣ ਸਬੰਧੀ ਕਿਸੇ ਕਿਸਮ ਦਾ ਸੰਪਰਕ ਨਹੀਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਾਰੀ ਹਦਾਇਤਾਂ ਦਾ ਪਾਲਣ ਕਰਨ ਲਈ ਐਡੀਸ਼ਨਲ ਮੁੱਖ ਗ੍ਰੰਥੀ ਨਾਲ ਸਲਾਹ ਕਰਕੇ ਬਾਹਰੀ ਲਾਈਟਾਂ ਹੀ ਬੰਦ ਕਰਵਾਈਆਂ ਗਈਆਂ ਸਨ। ਐਡਵੋਕੇਟ ਧਾਮੀ ਨੇ ਕਿਹਾ ਕਿ ਬਲੈਕਆਊਟ ਦੌਰਾਨ ਵੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੱਡੀ ਗਿਣਤੀ ਵਿੱਚ ਸੰਗਤ ਨਤਮਸਤਕ ਹੋਣ ਤੇ ਸੇਵਾ ਕਰਨ ਪੁੱਜਦੀ ਰਹੀ ਹੈ ਅਤੇ ਜੇਕਰ ਗੰਨਾਂ ਲਗਾਉਣ ਜਿਹੀ ਕੋਈ ਘਟਨਾ ਵਾਪਰੀ ਹੁੰਦੀ ਤਾਂ ਸੰਗਤ ਨੇ ਵੀ ਇਸ ਨੂੰ ਜ਼ਰੂਰ ਦੇਖਿਆ ਅਤੇ ਨੋਟਿਸ ਕੀਤਾ ਹੁੰਦਾ।

# ਹਰਿਮੰਦਰ ਸਾਹਿਬ ਕੰਪਲੈਕਸ 'ਚ ਕੋਈ ਹਵਾਈ ਸੁਰੱਖਿਆ ਤੋਪ ਤਾਇਨਾਤ ਨਹੀਂ ਕੀਤੀ ਗਈ : ਫੌਜ

**ਅੰਮ੍ਰਿਤਸਰ।** ਫੌਜ ਨੇ ਕਿਹਾ ਹੈ ਕਿ ਆਪਰੇਸ਼ਨ ਸੰਧੂਰ ਦੌਰਾਨ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਕੋਈ ਹਵਾਈ ਰੱਖਿਆ ਬੰਦੂਕ ਜਾਂ ਕੋਈ ਹੋਰ ਹਵਾਈ ਰੱਖਿਆ ਸਰੋਤ ਤਾਇਨਾਤ ਨਹੀਂ ਕੀਤਾ ਗਿਆ ਸੀ। ਫ਼ੌਜ ਦਾ ਇਹ ਸਪਸ਼ਟੀਕਰਨ ਫ਼ੌਜੀ ਹਵਾਈ ਸੁਰੱਖਿਆ ਦੇ ਡਾਇਰੈਕਟਰ ਜਨਰਲ ਲੈਫ਼ਟੀਨੈਂਟ ਸੁਮੇਰ ਇਵਾਨ ਡੀ'ਕੂਨਹਾ ਵਲੋਂ ਇਕ ਖ਼ਬਰ ਏਜੰਸੀ ਨੂੰ ਦਿਤੀ ਇੰਟਰਵਿਊ ਦੇ ਮੱਦੇਨਜ਼ਰ ਆਇਆ ਹੈ। ਲੈਫ਼ਟੀਨੈਂਟ ਸੁਮੇਰ ਨੇ ਇੰਟਰਵਿਊ 'ਚ ਆਪਰੇਸ਼ਨ ਸੰਧੂਰ ਬਾਰੇ ਬੋਲਦਿਆਂ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਦੀ ਤਾਰੀਫ਼ ਕਰਦਿਆਂ ਕਿਹਾ ਸੀ ਕਿ ਉਨ੍ਹਾਂ ਨੇ ਪਾਕਿਸਤਾਨ ਤੋਂ ਸੰਭਾਵਤ ਡਰੋਨ ਅਤੇ ਮਿਜ਼ਾਈਲ ਖਤਰਿਆਂ ਦਾ ਮੁਕਾਬਲਾ ਕਰਨ ਲਈ ਫ਼ੌਜ ਨੂੰ ਹਰਿਮੰਦਰ ਸਾਹਿਬ 'ਚ ਹਵਾਈ ਸੁਰੱਖਿਆ ਬੰਦੂਕਾਂ ਤਾਇਨਾਤ ਕਰਨ ਦੀ ਇਜਾਜ਼ਤ ਦਿਤੀ ਸੀ। ਹਾਲਾਂਕਿ ਇਹ ਖਬਰ ਫੈਲਣ ਮਗਰੋਂ ਖ਼ੁਦ ਫ਼ੌਜ ਨੇ ਬਿਆਨ



ਜਾਰੀ ਕਰ ਕੇ ਇਸ ਦਾ ਖੰਡਨ ਕੀਤਾ ਅਤੇ ਕਿਹਾ, ''ਸ੍ਰੀ ਹਰਿਮੰਦਰ ਸਾਹਿਬ 'ਚ ਏ.ਡੀ. ਬੰਦੂਕਾਂ ਦੀ ਤਾਇਨਾਤੀ ਨੂੰ ਲੈ ਕੇ ਕੁੱਝ ਮੀਡੀਆ ਰੀਪੋਰਟਾਂ ਫੈਲ ਰਹੀਆਂ ਹਨ। ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ (ਹਰਿਮੰਦਰ ਸਾਹਿਬ) ਦੇ ਕੰਪਲੈਕਸ ਦੇ ਅੰਦਰ ਕੋਈ ਏ.ਡੀ. ਗੰਨ ਜਾਂ ਕੋਈ ਹੋਰ ਏ.ਡੀ. ਸਰੋਤ ਤਾਇਨਾਤ ਨਹੀਂ ਕੀਤਾ ਗਿਆ ਸੀ।''

# ਜੰਮੂ 'ਚ ਅਤਿਵਾਦੀ ਮੁਕਾਬਲੇ ਦੌਰਾਨ ਗੋਲੀ ਲੱਗਣ ਕਾਰਨ ਬਿਹਾਰ ਦਾ ਜਵਾਨ ਸੰਤੋਸ਼ ਕੁਮਾਰ ਸ਼ਹੀਦ

**ਜੰਮੂ।** ਜੰਮੂ ਕਸ਼ਮੀਰ ਦੇ ਸਾਂਬਾ ਜ਼ਿਲ੍ਹੇ ਵਿੱਚ ਮੰਗਲਵਾਰ ਸਵੇਰੇ ਅਤਿਵਾਦੀਆਂ ਵਿਰੁਧ ਤਲਾਸ਼ੀ ਮੁਹਿੰਮ ਦੌਰਾਨ ਗੋਲੀ ਲੱਗਣ ਕਾਰਨ ਫ਼ੌਜ ਦਾ ਜਵਾਨ ਸੰਤੋਸ਼ ਕੁਮਾਰ (45) ਸ਼ਹੀਦ ਹੋ ਗਿਆ। ਸ਼ਹੀਦ ਜਵਾਨ ਸੰਤੋਸ਼ ਕੁਮਾਰ ਬਿਹਾਰ ਦੇ ਇਸਮਾਈਲਪੁਰ ਥਾਣਾ ਖੇਤਰ ਦੇ ਭੀਠਾ ਪਿੰਡ ਦਾ ਰਹਿਣ ਵਾਲਾ ਸੀ। ਫ਼ੌਜ ਤੋਂ ਘਟਨਾ ਦੀ ਜਾਣਕਾਰੀ ਮਿਲਣ ਤੋਂ ਬਾਅਦ ਪਰਿਵਾਰਕ ਮੈਂਬਰਾਂ ਤੇ ਪਿੰਡ ਵਿਚ ਸੋਗ ਦੀ ਲਹਿਰ ਫ਼ੈਲ ਗਈ। ਕੁਰਬਾਨੀ ਦੀ ਖ਼ਬਰ ਨਾਲ ਪੂਰੇ ਪਿੰਡ ਵਿੱਚ ਸੋਗ ਦੀ ਲਹਿਰ ਦੌੜ ਗਈ ਹੈ। ਇਹ ਕਾਰਵਾਈ ਨੌਸ਼ਹਿਰਾ ਸੈਕਟਰ ਦੇ ਨੇੜੇ ਅਤਿਵਾਦੀਆਂ ਦੀ ਮੌਜੂਦਗੀ ਦੀ ਸੂਚਨਾ ਦੇ ਆਧਾਰ 'ਤੇ ਕੀਤੀ ਜਾ ਰਹੀ ਸੀ। ਇਸ ਦੌਰਾਨ ਅਤਿਵਾਦੀਆਂ ਨੇ ਗੋਲੀਬਾਰੀ



ਸ਼ੁਰੂ ਕਰ ਦਿੱਤੀ, ਜਿਸ ਵਿੱਚ ਸੰਤੋਸ਼ ਕੁਮਾਰ ਗੰਭੀਰ ਜ਼ਖ਼ਮੀ ਹੋ ਗਿਆ। ਹਸਪਤਾਲ ਲਿਜਾਣ ਦੇ ਬਾਵਜੂਦ, ਉਸ ਨੂੰ ਬਚਾਇਆ ਨਹੀਂ ਜਾ ਸਕਿਆ। ਪਰਿਵਾਰਕ ਮੈਂਬਰਾਂ ਨੇ ਜਾਣਕਾਰੀ ਦਿੱਤੀ ਕਿ ਸੰਤੋਸ਼ ਕੁਮਾਰ 2001 ਵਿੱਚ ਭਾਰਤੀ ਫ਼ੌਜ ਵਿੱਚ ਭਰਤੀ ਹੋਇਆ ਸੀ ਅਤੇ ਪਿਛਲੇ 23 ਸਾਲਾਂ ਤੋਂ ਸੇਵਾ ਨਿਭਾਅ ਰਿਹਾ ਸੀ। ਉਹ ਦੋ ਮਹੀਨੇ ਪਹਿਲਾਂ ਛੁੱਟੀ 'ਤੇ ਘਰ ਆਇਆ ਸੀ ਅਤੇ ਸੇਵਾਮੁਕਤੀ ਦੀ ਪ੍ਰਕਿਰਿਆ ਸ਼ੁਰੂ ਕੀਤੀ ਸੀ। ਸੰਤੋਸ਼ ਕੁਮਾਰ ਘਰੇ ਕਹਿ ਕੇ ਆਇਆ ਸੀ ਕਿ ਹੁਣ ਉਹ ਆਪਣੇ ਬੱਚਿਆਂ ਦੀ ਪੜ੍ਹਾਈ ਅਤੇ ਆਪਣੇ ਮਾਪਿਆਂ ਦੀ ਸੇਵਾ ਲਈ ਸਮਾਂ ਦੇਣਾ ਚਾਹੁੰਦਾ ਹੈ। ਸ਼ਹੀਦ ਸੰਤੋਸ਼ ਚਾਰ ਬੱਚਿਆਂ ਦਾ ਪਿਤਾ ਸੀ।

# ਉੱਘੇ ਤਾਰਾ ਵਿਗਿਆਨੀ ਜਯੰਤ ਨਾਰਲੀਕਰ ਦਾ 86 ਸਾਲ ਦੀ ਉਮਰ 'ਚ ਦੇਹਾਂਤ

**ਨਵੀ ਦਿਲੀ।** ਜਯੰਤ ਵਿਸ਼ਨੂੰ ਨਾਰਲੀਕਰ ਦਾ ਮੰਗਲਵਾਰ ਨੂੰ ਪੁਣੇ 'ਚ ਦਿਹਾਂਤ ਹੋ ਗਿਆ। ਉਹ 86 ਸਾਲ ਦੇ ਸਨ। ਨਾਰਲੀਕਰ ਬ੍ਰਹਿਮੰਡ ਵਿਗਿਆਨ 'ਚ ਅਪਣੇ ਮੋਹਰੀ ਯੋਗਦਾਨ, ਵਿਗਿਆਨ ਨੂੰ ਪ੍ਰਸਿੱਧ ਬਣਾਉਣ ਅਤੇ ਦੇਸ਼ 'ਚ ਪ੍ਰਮੁੱਖ ਖੋਜ ਸੰਸਥਾਵਾਂ ਦੀ ਸਥਾਪਨਾ ਲਈ ਵਿਆਪਕ ਤੌਰ 'ਤੇ ਜਾਣੇ ਜਾਂਦੇ ਸਨ।

ਪਰਵਾਰਕ ਸੂਤਰਾਂ ਮੁਤਾਬਕ ਡਾਕਟਰ ਨਾਰਲੀਕਰ ਦੀ ਮੰਗਲਵਾਰ ਸਵੇਰੇ ਨੀਂਦ 'ਚ ਹੀ ਮੌਤ ਹੋ ਗਈ। ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੇ ਐਲਾਨ ਕੀਤਾ ਕਿ ਉਨ੍ਹਾਂ ਦਾ ਅੰਤਿਮ ਸੰਸਕਾਰ ਬੁਧਵਾਰ ਨੂੰ ਪੂਰੇ ਸਰਕਾਰੀ ਸਨਮਾਨਾਂ ਨਾਲ ਕੀਤਾ ਜਾਵੇਗਾ। ਨਾਰਲੀਕਰ ਦੀ ਹਾਲ ਹੀ 'ਚ ਸ਼ਹਿਰ ਦੇ ਇਕ ਹਸਪਤਾਲ 'ਚ ਚੂਲੇ ਦੀ ਸਰਜਰੀ ਹੋਈ ਸੀ। ਉਹ ਅਪਣੇ ਪਿੱਛੇ ਤਿੰਨ ਧੀਆਂ ਛੱਡ ਗਏ ਹਨ। 19 ਜੁਲਾਈ, 1938 ਨੂੰ ਜਨਮੇ, ਡਾ. ਨਾਰਲੀਕਰ ਨੇ ਅਪਣੀ ਮੁੱਢਲੀ ਸਿੱਖਿਆ ਬਨਾਰਸ ਹਿੰਦੂ ਯੂਨੀਵਰਸਿਟੀ (ਬੀ.ਐਚ.ਯੂ.) ਦੇ ਕੈਂਪਸ 'ਚ ਪੂਰੀ ਕੀਤੀ, ਜਿੱਥੇ ਉਨ੍ਹਾਂ ਦੇ ਪਿਤਾ, ਵਿਸ਼ਨੂੰ ਵਾਸੂਦੇਵ ਨਾਰਲੀਕਰ, ਇਕ ਪ੍ਰੋਫੈਸਰ ਅਤੇ ਗਣਿਤ ਵਿਭਾਗ ਦੇ ਮੁਖੀ ਸਨ। ਫਿਰ ਉਹ ਉੱਚ ਸਿੱਖਿਆ ਲਈ ਕੈਂਬਰਿਜ ਗਏ, ਗਣਿਤ ਟਰਾਈਪੋਸ 'ਚ ਰੈਂਗਲਰ ਅਤੇ ਟਾਈਸਨ ਮੈਡਲਿਸਟ ਬਣੇ। ਬਰਤਾਨੀਆਂ 'ਚ ਰਹਿੰਦੇ ਹੋਏ, ਉਨ੍ਹਾਂ ਨੇ ਪ੍ਰਸਿੱਧ ਵਿਗਿਆਨੀ ਅਤੇ ਉਨ੍ਹਾਂ ਦੇ ਡਾਕਟਰੇਟ ਸਲਾਹਕਾਰ ਫਰੈਲ ਹੋਇਲ ਦੇ ਨਾਲ ਮਿਲ ਕੇ, ਪ੍ਰਸਿੱਧ ਹੋਇਲ-ਨਾਰਲੀਕਰ ਥਿਊਰੀ ਆਫ ਗਰੈਵਿਟੀ



ਦਾ ਵਿਕਾਸ ਕੀਤਾ। ਉਹ ਟਾਟਾ ਇੰਸਟੀਚਿਊਟ ਆਫ ਫੰਡਾਮੈਂਟਲ ਰੀਸਰਚ (1972-1989) 'ਚ ਸ਼ਾਮਲ ਹੋਣ ਲਈ ਭਾਰਤ ਵਾਪਸ ਆਏ, ਜਿੱਥੇ, ਉਨ੍ਹਾਂ ਦੇ ਚਾਰਜ ਹੇਠ, ਸਿਧਾਂਤਕ ਖਗੋਲ ਵਿਗਿਆਨ ਸਮੂਹ ਦਾ ਵਿਸਥਾਰ ਹੋਇਆ ਅਤੇ ਕੌਮਾਂਤਰੀ ਰੁਤਬਾ ਪ੍ਰਾਪਤ ਕੀਤਾ।1988 'ਚ, ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਨੇ ਡਾ. ਨਾਰਲੀਕਰ ਨੂੰ ਇੰਟਰ-ਯੂਨੀਵਰਸਿਟੀ ਸੈਂਟਰ ਫਾਰ ਐਸਟਰੋਨੋਮੀ ਐਂਡ ਐਸਟ੍ਰੋਫਿਜ਼ਿਕਸ (ਆਈ.ਯੂਸੀ.ਏ.ਏ.) ਦੇ ਸੰਸਥਾਪਕ ਨਿਰਦੇਸ਼ਕ ਵਜੋਂ ਸਥਾਪਤ ਕਰਨ ਲਈ ਸੱਦਾ ਦਿਤਾ। ਉਸ ਨੇ 2003 'ਚ ਅਪਣੀ ਰਿਟਾਇਰਮੈਂਟ ਤਕ ਆਈ.ਯੂ.ਸੀ.ਏ.ਏ. ਦੀ ਡਾਇਰੈਕਟਰਸ਼ਿਪ ਸੰਭਾਲੀ। ਉਨ੍ਹਾਂ ਦੀ ਅਗਵਾਈ ਹੇਠ, ਆਈ.ਯੂ.ਸੀ.ਏ.ਏ. ਨੇ ਖਗੋਲ ਵਿਗਿਆਨ ਅਤੇ ਖਗੋਲ ਵਿਗਿਆਨ 'ਚ ਅਧਿਆਪਨ ਅਤੇ ਖੋਜ 'ਚ ਉੱਤਮਤਾ ਲਈ ਇਕ ਕੇਂਦਰ ਵਜੋਂ ਵਿਸ਼ਵ ਵਿਆਪੀ ਪ੍ਰਸਿੱਧੀ ਪ੍ਰਾਪਤ ਕੀਤੀ ਹੈ। ਉਹ ਆਈ.ਯੂ.ਸੀ.ਏ.ਏ. 'ਚ ਐਮਰੀਟਸ ਪ੍ਰੋਫੈਸਰ ਸਨ। ਅਪਣੀ ਵਿਗਿਆਨਕ ਖੋਜ ਤੋਂ ਇਲ-ਾਵਾ, ਡਾ. ਨਾਰਲੀਕਰ ਅਪਣੀਆਂ ਕਿਤਾਬਾਂ, ਲੇਖਾਂ ਅਤੇ ਰੇਡੀਓ/ਟੀ.ਵੀ. ਪ੍ਰੋਗਰਾਮਾਂ ਰਾਹੀਂ ਇਕ ਵਿਗਿਆਨ ਸੰਚਾਰਕ ਵਜੋਂ ਜਾਣੇ ਜਾਂਦੇ ਸਨ। ਡਾ. ਨਾਰਲੀਕਰ ਨੂੰ 1965 'ਚ 26 ਸਾਲ ਦੀ ਛੋਟੀ ਉਮਰ 'ਚ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਸੀ। 2004 'ਚ, ਉਨ੍ਹਾਂ ਨੂੰ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਸੀ, ਅਤੇ ਮਹਾਰਾਸ਼ਟਰ ਸਰਕਾਰ ਨੇ ਉਸਨੂੰ 2011 'ਚ ਰਾਜ ਦੇ ਸਰਵਉੱਚ ਨਾਗਰਿਕ ਪੁਰਸਕਾਰ, ਮਹਾਰਾਸ਼ਟਰ ਭੂਸ਼ਣ ਨਾਲ ਸਨਮਾਨਿਤ ਕੀਤਾ ਸੀ। 2014 'ਚ, ਸਾਹਿਤ ਅਕਾਦਮੀ, ਭਾਰਤ ਦੀ ਪ੍ਰਮੁੱਖ ਸਾਹਿਤਕ ਸੰਸਥਾ, ਨੇ ਖੇਤਰੀ ਭਾਸ਼ਾ (ਮਰਾਠੀ) ਲਿਖਣ 'ਚ ਅਪਣੇ ਸਰਵਉੱਚ ਪੁਰਸਕਾਰ ਲਈ ਉਸ ਦੀ ਸਵੈਜੀਵਨੀ ਦੀ ਚੋਣ ਕੀਤੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਉਨ੍ਹਾਂ ਦੇ ਦਿਹਾਂਤ 'ਤੇ ਸੋਗ ਜ਼ਾਹਰ ਕਰਦਿਆਂ ਇਸ ਨੂੰ ਵਿਗਿਆਨਕ ਭਾਈਚਾਰੇ ਲਈ ਵੱਡਾ ਘਾਟਾ ਦਸਿਆ ਹੈ। ਇਸਰੋ ਦੇ ਸਾਬਕਾ ਚੇਅਰਮੈਨ ਡਾ. ਐਸ ਸੋਮਨਾਥ ਨੇ ਕਿਹਾ, ''ਦੇਸ਼ ਨੇ ਇਕ ਦੂਰਦਰਸ਼ੀ ਖਗੋਲ ਵਿਗਿਆਨੀ ਅਤੇ ਵਿਗਿਆਨ ਸੰਚਾਰਕ ਨੂੰ ਗੁਆ ਦਿਤਾ ਹੈ, ਜਿਨ੍ਹਾਂ ਨੇ 'ਦਿ ਲਾਈਟ ਸਾਈਡ ਆਫ ਗ੍ਰੈਵਿਟੀ' ਅਤੇ 'ਬ੍ਰਹਿਮੰਡ ਦੇ ਸੱਤ ਅਜੂਬੇ' ਵਰਗੀਆਂ ਪ੍ਰਸਿੱਧ ਰਚਨਾਵਾਂ ਨਾਲ ਮੇਰੀ ਪੀੜ੍ਹੀ ਨੂੰ ਪ੍ਰੇਰਿਤ ਕੀਤਾ।'' ਸੋਮਨਾਥ ਨੇ ਕਿਹਾ ਕਿ ਹੋਇਲ-ਨਾਰਲੀਕਰ ਸਿਧਾਂਤ ਅਤੇ ਆਈ.ਯੂਸੀ.ਏ.ਏ. ਦੀ ਸਥਾਪਨਾ ਸਮੇਤ ਬ੍ਰਹਿਮੰਡ ਵਿਗਿਆਨ 'ਚ ਉਨ੍ਹਾਂ ਦੇ ਮੋਹਰੀ ਯੋਗਦਾਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।


Samaj Weekly

ਸਮਾਜ ਵੀਕਲੀ


Editor-in-chief
Devinder Chander
+44 7878 456 484

Editorial Office


Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com


ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਅਮਰੀਕਾ ਵਿੱਚ ਹੁਣ ਕਿਸੇ ਦੀਆਂ ਨਿੱਜੀ ਤਸਵੀਰਾਂ ਪੋਸਟ ਕਰਨਾ ਬਣਿਆ ਇੱਕ ਅਪਰਾਧ ਹੈ, ਟਰੰਪ ਨੇ ਕਾਨੂੰਨ 'ਤੇ ਕੀਤੇ ਦਸਤਖਤ



**ਵਾਸ਼ਿੰਗਟਨ।** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੋਮਵਾਰ ਨੂੰ ਟੇਕ ਇਟ ਡਾਊਨ ਐਕਟ 'ਤੇ ਦਸਤਖਤ ਕੀਤੇ। ਇਸ ਨਾਲ ਹੁਣ ਕਿਸੇ ਦੀਆਂ ਨਿੱਜੀ ਫੋਟੋਆਂ ਜਾਂ ਵੀਡੀਓਜ਼ ਨੂੰ ਬਿਨ੍ਹਾਂ ਸਹਿਮਤੀ ਦੇ ਆਨਲਾਈਨ ਸਾਂਝਾ ਕਰਨਾ ਅਪਰਾਧ ਬਣ ਗਿਆ ਹੈ। ਇਸ ਕਾਨੂੰਨ ਨੂੰ ਰਿਵੇਂਜ ਪੋਰਨ ਅਤੇ ਏਆਈ ਦੁਆਰਾ ਤਿਆਰ ਕੀਤੀਆਂ ਗਈਆਂ ਡੀਪਫੇਕ ਤਸਵੀਰਾਂ ਦੀਆਂ ਵਧਦੀਆਂ ਘਟਨਾਵਾਂ ਨੂੰ ਰੋਕਣ ਲਈ ਲਿਆਂਦਾ ਗਿਆ ਹੈ। ਇਸ ਕਾਨੂੰਨ ਤਹਿਤ, ਜੇਕਰ ਕੋਈ ਵਿਅਕਤੀ ਜਾਣਬੁੱਝ ਕੇ ਕਿਸੇ ਦੀਆਂ ਨਿੱਜੀ ਫੋਟੋਆਂ ਜਾਂ ਵੀਡੀਓਜ਼ ਨੂੰ ਉਨ੍ਹਾਂ ਦੀ ਇਜਾਜ਼ਤ ਤੋਂ ਬਿਨ੍ਹਾਂ ਸਾਂਝਾ ਕਰਦਾ ਹੈ, ਤਾਂ ਇਸਨੂੰ ਅਪਰਾਧ ਮੰਨਿਆ ਜਾਵੇਗਾ। ਨਾਲ ਹੀ, ਸੋਸ਼ਲ ਮੀਡੀਆ ਪਲੇਟਫਾਰਮਾਂ ਅਤੇ ਵੈੱਬਸਾਈਟਾਂ ਨੂੰ 48 ਘੰਟਿਆਂ ਦੇ ਅੰਦਰ ਅਜਿਹੀ ਸਮੱਗਰੀ ਨੂੰ ਹਟਾਉਣਾ ਹੋਵੇਗਾ ਅਤੇ ਇਸਦੀ ਡੁਪਲੀਕੇਟ ਕਾਪੀ ਨੂੰ ਵੀ ਲੱਭਕੇ ਹਟਾਉਣਾ ਹੋਵੇਗਾ। ਫ੍ਰਸਟ ਲੇਡੀ ਮੇਲਾਨੀਆ ਟਰੰਪ ਨੇ ਇਸ ਕਾਨੂੰਨ ਨੂੰ ਪਾਸ ਕਰਵਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਮਾਰਚ ਵਿੱਚ, ਉਹ ਕਾਂਗਰਸ ਦੇ ਮੈਂਬਰਾਂ ਨਾਲ ਮੁਲਾਕਾਤ ਕੀਤੀ ਅਤੇ ਇਸ ਕਾਨੂੰਨ ਦੇ ਹੱਕ ਵਿੱਚ ਲਾਬਿੰਗ ਕੀਤੀ। ਬਿੱਲ ਨੂੰ ਸੈਨੇਟ ਅਤੇ ਸਦਨ ਦੋਨਾਂ ਵਿੱਚ ਭਾਰੀ ਬਹੁਮਤ ਦੁਆਰਾ ਸਮਰਥਨ ਦਿੱਤਾ ਗਿਆ।


## ਪੱਤਰਕਾਰਾਂ ਦੀ ਲੋੜ


ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਪਾਕਿਸਤਾਨ ਜਾਸੂਸੀ ਦਾ ਸ਼ੱਕ: ਜਯੋਤੀ ਤੋਂ ਬਾਅਦ ਸ਼ੱਕ ਦੀ ਸੂਈ ਨਵਾਂਕੁਰ ਚੌਧਰੀ ਵੱਲ ਘੁੰਮੀ



**ਨਵੀਂ ਦਿੱਲੀ।** ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ ਵਿਚ ਗ੍ਰਿਫ਼ਤਾਰ ਜਯੋਤੀ ਤੋਂ ਬਾਅਦ ਹੁਣ ਯੂਟਿਊਬਰ ਨਵਾਂਕੁਰ ਚੌਧਰੀ ਵੀ ਪੁਲੀਸ ਦੀ ਰਾਡਾਰ ’ਤੇ ਆ ਗਏ ਹਨ। ਨਵਾਂਕੁਰ ਇਸ ਵੇਲੇ ਆਇਰਲੈਂਡ ਵਿਚ ਹੈ ਤੇ ਉਥੋਂ ਵਾਪਸ ਆਉਣ ’ਤੇ ਪੁਲੀਸ ਉਸ ਕੋਲੋਂ ਪੁੱਛਗਿੱਛ ਕਰੇਗੀ। ਇਹ ਜਾਣਕਾਰੀ ਸਾਹਮਣੇ ਆਈ ਹੈ ਕਿ ਜਯੋਤੀ ਦੀਆਂ ਕਈ ਤਸਵੀਰਾਂ ਵਿਚ ਨਵਾਂਕੁਰ ਵੀ ਸਾਹਮਣੇ ਆਇਆ ਸੀ ਤੇ ਉਸ ਨੂੰ ਪਾਕਿਸਤਾਨ ਦੇ ਨਵੀਂ ਦਿੱਲੀ ਵਿਚਲੇ ਦੂਤਾਵਾਸ ਵਿਚ ਉਸ ਨੂੰ ਗੈਸਟ ਬਣਾਇਆ ਗਿਆ ਸੀ। ਨਵਾਂਕੁਰ ਇਸ ਵੇਲੇ ਯਾਤਰੀ ਡਾਕਟਰ ਦੇ ਨਾਂ ’ਤੇ ਚੈਨਲ ਚਲਾਉਂਦੇ ਹਨ ਤੇ ਉਹ ਰੋਹਤਕ ਦੇ ਰਹਿਣ ਵਾਲੇ ਹਨ ਤੇ ਇਸ ਵੇਲੇ ਉਨ੍ਹਾਂ ਦਾ ਪਰਿਵਾਰ ਬਹਾਦਰਗੜ੍ਹ ਵਿਚ ਰਹਿੰਦਾ ਹੈ।

ਨਵਾਂਕੁਰ ਨੇ ਸੋਸ਼ਲ ਮੀਡੀਆ ’ਤੇ ਇਸ ਸਬੰਧੀ ਵੀਡੀਓ ਜਾਰੀ ਕਰ ਕੇ ਸਫਾਈ ਵੀ ਦਿੱਤੀ ਹੈ ਕਿ ਉਹ ਪਾਕਿਸਤਾਨ ਸਿਰਫ ਵੀਡੀਓਜ਼ ਬਣਾਉਣ ਤੇ ਆਪਣੇ ਚੈਨਲ ਲਈ ਗਿਆ ਸੀ ਤੇ ਪਾਕਿਸਤਾਨ ਦੂਤਾਵਾਸ ਵਾਲੇ ਪਾਕਿਸਤਾਨ ਆਉਣ ਵਾਲੇ ਹਰ ਮਕਬੂਲ ਯੂਟਿਊਬਰ ਨੂੰ ਸੱਦਦੇ ਹਨ। ਉਸ ਦਾ ਜਯੋਤੀ ਨਾਲ ਕੋਈ ਰਿਸ਼ਤਾ ਨਹੀਂ ਹੈ ਬਲਕਿ ਜਯੋਤੀ ਉਸ ਦੀ ਪ੍ਰਸੰਸਕ ਹੈ ਤੇ ਉਸ ਨੂੰ ਇੰਸਟਾਗਰਾਮ ’ਤੇ ਫਾਲੋ ਕਰਦੀ ਹੈ। ਨਵਾਂਕੁਰ ਨੇ ਕਿਹਾ ਕਿ ਉਹ ਰਜਿਸਟਰਡ ਐਮਬੀਬੀਐੱਸ ਡਾਕਟਰ ਹੈ ਤੇ ਉਸ ਦੀ ਪ੍ਰਸਿੱਧੀ ਦੇਖ ਕੇ ਉਸ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਪਰ ਉਹ ਜਾਂਚ ਏਜੰਸੀਆਂ ਨੂੰ ਪੂਰਾ ਸਹਿਯੋਗ ਦੇਣਗੇ। ਉਸ ਨੇ ਕਿਹਾ ਕਿ ਉਸ ਦਾ ਪਰਿਵਾਰ 1989 ਤੋਂ ਫੌਜ ਵਿਚ ਸੇਵਾਵਾ ਦੇ ਰਿਹਾ ਹੈ ਤੇ ਉਸ ਦੇ ਪਿਤਾ ਨੇ 20 ਸਾਲ ਫੌਜ ਦੇ ਲੇਖੇ ਲਾਏ ਹਨ।

# ਰੂਸ ਯੂਕਰੇਨ ਨਾਲ ਜੰਗਬੰਦੀ ਲਈ ਤਿਆਰ : ਪੁਤਿਨ

**ਰੂਸ।** ਡੋਨਾਲਡ ਟਰੰਪ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਗੱਲਬਾਤ ਨੂੰ ਬਹੁਤ ਵਧੀਆ ਦਸਿਆ ਅਤੇ ਕਿਹਾ ਕਿ ਰੂਸ ਅਤੇ ਯੂਕਰੇਨ ਤੁਰਤ ਜੰਗਬੰਦੀ ਲਈ ਗੱਲਬਾਤ ਸ਼ੁਰੂ ਕਰਨਗੇ ਅਤੇ ਇਸ ਤੋਂ ਵੀ ਮਹੱਤਵਪੂਰਨ, ਯੁੱਧ ਦਾ ਅੰਤ ਹੋਵੇਗਾ। ਰੂਸ-ਯੂਕਰੇਨ ਯੁੱਧ ਨੂੰ ਤਿੰਨ ਸਾਲ ਤੋਂ ਵੱਧ ਸਮਾਂ ਹੋ ਗਿਆ ਹੈ। ਹਾਲਾਂਕਿ, ਹੁਣ ਉਮੀਦ ਹੈ ਕਿ ਦੋਵਾਂ ਦੇਸ਼ਾਂ ਵਿਚਕਾਰ ਜੰਗਬੰਦੀ ਹੋ ਸਕਦੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਫ਼ੋਨ ’ਤੇ ਗੱਲਬਾਤ ਕੀਤੀ ਹੈ। ਇਹ ਮੈਰਾਥਨ ਗੱਲਬਾਤ ਲਗਭਗ ਦੋ ਘੰਟੇ ਚੱਲੀ। ਇਸ ਗੱਲਬਾਤ ਬਾਰੇ ਜਾਣਕਾਰੀ ਆਪਣੇ ਟਰੂਥ ਸੋਸ਼ਲ ’ਤੇ ਦਿੰਦੇ ਹੋਏ, ਡੋਨਾਲਡ ਟਰੰਪ ਨੇ ਲਿਖਿਆ ਕਿ ਇਹ ਬਹੁਤ ਵਧੀਆ ਗੱਲਬਾਤ ਸੀ। ਰੂਸ ਅਤੇ ਯੂਕਰੇਨ ਤੁਰਤ ਜੰਗਬੰਦੀ ਲਈ ਗੱਲਬਾਤ ਸ਼ੁਰੂ ਕਰਨਗੇ ਅਤੇ ਸਭ ਤੋਂ ਮਹੱਤਵਪੂਰਨ, ਯੁੱਧ ਦਾ ਅੰਤ ਹੋ ਸਕੇਗਾ। ਡੋਨਾਲਡ ਟਰੰਪ ਨੇ ਟਰੂਥ ਸੋਸ਼ਲ ’ਤੇ ਇਕ ਪੋਸਟ ਵਿਚ ਲਿਖਿਆ, ‘ਮੈਂ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਹੁਣੇ ਹੀ ਦੋ ਘੰਟੇ ਦੀ ਗੱਲਬਾਤ ਪੂਰੀ ਕੀਤੀ ਹੈ। ਮੇਰਾ ਮੰਨਣਾ ਹੈ ਕਿ ਇਹ ਬਹੁਤ ਵਧੀਆ ਰਿਹਾ। ਰੂਸ ਅਤੇ



ਯੂਕਰੇਨ ਤੁਰਤ ਜੰਗਬੰਦੀ ਲਈ ਗੱਲਬਾਤ ਸ਼ੁਰੂ ਕਰਨਗੇ ਅਤੇ ਇਸ ਤੋਂ ਵੀ ਮਹੱਤਵਪੂਰਨ, ਯੁੱਧ ਦਾ ਅੰਤ। ਇਸ ਦੀਆਂ ਸ਼ਰਤਾਂ ਦੋਵਾਂ ਧਿਰਾਂ ਵਿਚਕਾਰ ਗੱਲਬਾਤ ਦੁਆਰਾ ਤੈਅ ਕੀਤੀਆਂ ਜਾਣਗੀਆਂ, ਕਿਉਂਕਿ ਇਹ ਸਿਰਫ ਉਦੋਂ ਹੀ ਹੋ ਸਕਦਾ ਹੈ ਜਦੋਂ ਉਨ੍ਹਾਂ ਕੋਲ ਗੱਲਬਾਤ ਬਾਰੇ ਜਾਣਕਾਰੀ ਹੋਵੇ ਜਿਸ ਬਾਰੇ ਕੋਈ ਹੋਰ ਨਹੀਂ ਜਾਣਦਾ।’ ਉਨ੍ਹਾਂ ਕਿਹਾ ਕਿ ਗੱਲਬਾਤ ਦਾ ਸੁਰ ਅਤੇ ਭਾਵਨਾ ਸ਼ਾਨਦਾਰ ਸੀ। ਜੇਕਰ ਅਜਿਹਾ ਨਾ ਹੁੰਦਾ, ਤਾਂ ਮੈਂ ਇਹ ਬਾਅਦ ਵਿਚ ਕਹਿਣ ਦੀ ਬਜਾਏ ਹੁਣੇ ਹੀ ਕਹਿੰਦਾ। ਰੂਸ ਇਸ ਭਿਆਨਕ ਖ਼ੂਨ-ਖਰਾਬੇ ਦੇ ਖਤਮ ਹੋਣ ਤੋਂ ਬਾਅਦ ਅਮਰੀਕਾ ਨਾਲ ਵੱਡੇ ਪੱਧਰ ’ਤੇ ਵਪਾਰ ਕਰਨਾ ਚਾਹੁੰਦਾ ਹੈ ਅਤੇ ਮੈਂ ਇਸ ਨਾਲ ਸਹਿਮਤ ਹਾਂ। ਰੂਸ ਲਈ ਵੱਡੀ ਗਿਣਤੀ ਵਿਚ ਨੌਕਰੀਆਂ ਅਤੇ ਦੌਲਤ ਪੈਦਾ ਕਰਨ ਦਾ ਇਕ ਬਹੁਤ ਵੱਡਾ ਮੌਕਾ ਹੈ। ਇਸ ਦੀ ਸੰਭਾਵਨਾ ਅਸੀਮਿਤ ਹੈ। ਇਸੇ ਤਰ੍ਹਾਂ, ਯੂਕਰੇਨ ਆਪਣੇ ਦੇਸ਼ ਦੇ ਪੁਨਰ ਨਿਰਮਾਣ ਦੀ ਪ੍ਰਕਿਰਿਆ ਵਿਚ ਵਪਾਰ ਦਾ ਇਕ ਵੱਡਾ ਲਾਭਪਾਤਰੀ ਹੋ ਸਕਦਾ ਹੈ। ਰੂਸ ਅਤੇ ਯੂਕਰੇਨ ਵਿਚਕਾਰ ਗੱਲਬਾਤ ਜਲਦੀ ਹੀ ਸ਼ੁਰੂ ਹੋਵੇਗੀ। ਟਰੰਪ ਨੇ ਕਿਹਾ ਕਿ ਰਾਸ਼ਟਰਪਤੀ ਪੁਤਿਨ ਨਾਲ ਹੋਈ ਗੱਲਬਾਤ ਤੋਂ ਤੁਰਤ ਬਾਅਦ, ਮੈਂ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ, ਯੂਰਪੀਅਨ ਕਮਿਸ਼ਨ ਦੇ ਪ੍ਰਧਾਨ ਉਰਸੁਲਾ ਵਾਨ ਡੇਰ ਲੇਅਨ, ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ, ਇਟਲੀ ਦੇ ਪ੍ਰਧਾਨ ਮੰਤਰੀ ਜਾਰਜੀਆ ਮੇਲੋਨੀ, ਜਰਮਨ ਚਾਂਸਲਰ ਫਰੈਡਰਿਕ ਮਰਜ਼ ਅਤੇ ਫਿਨਲੈਂਡ ਦੇ ਰਾਸ਼ਟਰਪਤੀ ਅਲੈਗਜ਼ੈਂਡਰ ਸਟੱਬ ਨੂੰ ਇਸ ਬਾਰੇ ਸੂਚਿਤ ਕੀਤਾ। ਪੋਪ ਦੀ ਨੁਮਾਇੰਦਗੀ ਵਾਲੇ ਵੈਟੀਕਨ ਨੇ ਕਿਹਾ ਹੈ ਕਿ ਉਹ ਗੱਲਬਾਤ ਦੀ ਮੇਜ਼ਬਾਨੀ ਕਰਨ ਵਿਚ ਬਹੁਤ ਦਿਲਚਸਪੀ ਰੱਖੇਗਾ। ਤੁਹਾਨੂੰ ਦੱਸ ਦੇਈਏ ਕਿ ਹਾਲ ਹੀ ਵਿਚ ਤੁਰਕੀ ਦੇ ਇਸਤਾਂਬੁਲ ਸ਼ਹਿਰ ਵਿਚ ਯੂਕਰੇਨ ਅਤੇ ਰੂਸ ਦੇ ਵਫ਼ਦਾਂ ਵਿਚਕਾਰ ਸਿੱਧੀ ਗੱਲਬਾਤ ਹੋਈ ਸੀ। ਤਿੰਨ ਸਾਲਾਂ ਵਿਚ ਪਹਿਲੀ ਸਿੱਧੀ ਗੱਲਬਾਤ ਵਿਚ, ਰੂਸ ਅਤੇ ਯੂਕਰੇਨ ਦੇ ਵਫ਼ਦ ਦੋ ਘੰਟੇ ਤੋਂ ਵੀ ਘੱਟ ਸਮੇਂ ਤਕ ਚੱਲੀ ਇਕ ਮੀਟਿੰਗ ਵਿਚ ਸਹਿਮਤ ਹੋਏ ਕਿ ਦੋਵੇਂ ਪਾਸਿਆਂ ਤੋਂ 1,000 ਜੰਗੀ ਕੈਦੀਆਂ ਦੀ ਅਦਲਾ-ਬਦਲੀ ਕੀਤੀ ਜਾਵੇ ਅਤੇ ਚੌਥੇ ਸਾਲ ਵਿਚ ਦਾਖਲ ਹੋ ਚੁੱਕੀ ਲੜਾਈ ਨੂੰ ਖਤਮ ਕਰਨ ਦੇ ਉਦੇਸ਼ ਨਾਲ ਜੰਗਬੰਦੀ ਲਈ ਆਪਣੇ ਪ੍ਰਸਤਾਵ ਤਿਆਰ ਕੀਤੇ ਜਾਣ।

# ਮੱਧ ਪ੍ਰਦੇਸ਼ : ਵਿਵਾਦਤ ਮੰਤਰੀ ਵਿਜੇ ਸ਼ਾਹ ਕੈਬਨਿਟ ਦੀ ਬੈਠਕ ’ਚ ਨਜ਼ਰ ਨਹੀਂ ਆਏ





**ਨਵੀਂ ਦਿਲੀ।** ਕਰਨਲ ਸੋਫੀਆ ਕੁਰੈਸ਼ੀ ਬਾਰੇ ਇਤਰਾਜ਼ਯੋਗ ਟਿਪਣੀ ਕਰਨ ਦੇ ਮਾਮਲੇ ’ਚ ਜਾਂਚ ਦਾ ਸਾਹਮਣਾ ਕਰ ਰਹੇ ਮੱਧ ਪ੍ਰਦੇਸ਼ ਦੇ ਮੰਤਰੀ ਵਿਜੇ ਸ਼ਾਹ ਮੰਗਲਵਾਰ ਨੂੰ ਇੱਥੇ ਹੋਈ ਕੈਬਨਿਟ ਦੀ ਬੈਠਕ ’ਚ ਨਜ਼ਰ ਨਹੀਂ ਆਏ। ਇਕ ਸਰਕਾਰੀ ਅਧਿਕਾਰੀ ਨੇ ਦਸਿਆ ਕਿ ਸ਼ਾਹ ਮੁੱਖ ਮੰਤਰੀ ਮੋਹਨ ਯਾਦਵ ਦੀ ਪ੍ਰਧਾਨਗੀ ’ਚ ਹੋਈ ਬੈਠਕ ’ਚ ਸ਼ਾਮਲ ਹੋਣ ਲਈ ਇਤਿਹਾਸਕ ਰਾਜਬਾੜਾ ਪੈਲੇਸ ਨਹੀਂ ਪਹੁੰਚੇ। ਉਨ੍ਹਾਂ ਕੋਲ ਆਦਿਵਾਸੀ ਮਾਮਲੇ, ਜਨਤਕ ਸੰਪਤੀ ਪ੍ਰਬੰਧਨ ਅਤੇ ਭੋਪਾਲ ਗੈਸ ਦੁਖਾਂਤ ਰਾਹਤ ਅਤੇ ਮੁੜ ਵਸੇਬਾ ਵਿਭਾਗ ਹਨ। ਕੈਬਨਿਟ ਦੀ ਬੈਠਕ ਇੰਦੌਰ ਦੇ ਸਾਬਕਾ ਹੋਲਕਰ ਰਾਜਵੰਸ਼ ਵਲੋਂ ਬਣਾਏ ਗਏ ਰਾਜਬਾੜਾ ਪੈਲੇਸ ’ਚ ਇਕ ਮਹਾਨ ਸ਼ਾਸਕ ਅਹਿਲਿਆਬਾਈ ਹੋਲਕਰ ਦੀ 300 ਵੀਂ ਜਯੰਤੀ ਦੇ ਮੌਕੇ ’ਤੇ ਕੀਤੀ ਗਈ ਸੀ। ਇਸ ਦੌਰਾਨ ਕਾਂਗਰਸ ਨੇ ਇਕ ਵਾਰ ਫਿਰ ਮੰਗ ਕੀਤੀ ਕਿ ਸ਼ਾਹ ਨੂੰ ਕੈਬਨਿਟ ਤੋਂ ਬਰਖਾਸਤ ਕੀਤਾ ਜਾਵੇ। ਸੁਪਰੀਮ ਕੋਰਟ ਨੇ ਸੋਮਵਾਰ ਨੂੰ ਕਰਨਲ ਕੁਰੈਸ਼ੀ ਬਾਰੇ ਮੰਤਰੀ ਦੀ ਟਿਪਣੀ ਨੂੰ ਲੈ ਕੇ ਉਨ੍ਹਾਂ ਦੀ ਨਿੰਦਾ ਕੀਤੀ ਅਤੇ ਉਨ੍ਹਾਂ ਵਿਰੁਧ ਦਰਜ ਐਫ.ਆਈ.ਆਰ. ਦੀ ਜਾਂਚ ਲਈ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ। ਸ਼ਾਹ ਉਸ ਸਮੇਂ ਆਲੋਚਨਾ ਦੇ ਘੇਰੇ ’ਚ ਆ ਗਏ ਸਨ, ਜਦੋਂ ਇਕ ਵੀਡੀਉ ’ਚ ਉਹ ਕਰਨਲ ਕੁਰੈਸ਼ੀ ਵਿਰੁਧ ਕਥਿਤ ਤੌਰ ’ਤੇ ਇਤਰਾਜ਼ਯੋਗ ਟਿਪਣੀ ਕਰਦੇ ਨਜ਼ਰ ਆ ਰਹੇ ਸਨ, ਜਿਨ੍ਹਾਂ ਨੇ ਇਕ ਹੋਰ ਮਹਿਲਾ ਅਧਿਕਾਰੀ ਵਿੰਗ ਕਮਾਂਡਰ ਵਯੋਮਿਕਾ ਸਿੰਘ ਨਾਲ ਮਿਲ ਕੇ ਆਪਰੇਸ਼ਨ ਸਿੰਦੂਰ ’ਤੇ ਮੀਡੀਆ ਬ੍ਰੀਫਿੰਗ ਦੌਰਾਨ ਦੇਸ਼ ਭਰ ’ਚ ਪ੍ਰਸਿੱਧੀ ਹਾਸਲ ਕੀਤੀ ਸੀ। ਇਸ ਤੋਂ ਪਹਿਲਾਂ ਮੱਧ ਪ੍ਰਦੇਸ਼ ਹਾਈ ਕੋਰਟ ਨੇ ਕਰਨਲ ਕੁਰੈਸ਼ੀ ਵਿਰੁਧ ‘ਘਿਨਾਉਣੀ’ ਟਿਪਣੀ ਕਰਨ ਅਤੇ ‘ਗਟਰਾਂ ਦੀ ਭਾਸ਼ਾ’ ਦੀ ਵਰਤੋਂ ਕਰਨ ਲਈ ਸ਼ਾਹ ਨੂੰ ਝਾੜ ਪਾਈ ਸੀ ਅਤੇ ਪੁਲਿਸ ਨੂੰ ਦੁਸ਼ਮਣੀ ਅਤੇ ਨਫ਼ਰਤ ਨੂੰ ਉਤਸ਼ਾਹਤ ਕਰਨ ਦੇ ਦੋਸ਼ ਵਿਚ ਉਨ੍ਹਾਂ ਵਿਰੁਧ ਐਫ.ਆਈ.ਆਰ. ਦਰਜ ਕਰਨ ਦਾ ਹੁਕਮ ਦਿਤਾ ਸੀ। ਸਖ਼ਤ ਨਿੰਦਾ ਤੋਂ ਬਾਅਦ ਮੰਤਰੀ ਨੇ ਅਫਸੋਸ ਜ਼ਾਹਰ ਕੀਤਾ ਹੈ ਅਤੇ ਕਿਹਾ ਹੈ ਕਿ ਉਹ ਅਪਣੀ ਭੈਣ ਨਾਲੋਂ ਕਰਨਲ ਕੁਰੈਸ਼ੀ ਦਾ ਜ਼ਿਆਦਾ ਸਤਿਕਾਰ ਕਰਦੇ ਹਨ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਸੀਟੂ ਨਾ.ਲ ਸਬੰਧਤ ਯੂਨੀਅਨਾਂ ਨੇ ਮੰਗ ਦਿਵਸ ਮਨਾਇਆ



**ਰੋਪੜ (ਰੋਮੀ ਘੜਾਮਾਂ):** ਨਵੇਂ ਬੱਸ ਅੱਡੇ 'ਤੇ ਸੀਟੂ ਨਾਲ ਸਬੰਧਤ ਯੂਨੀਅਨਾਂ ਵੱਲੋਂ ਸਾਂਝੇ ਤੌਰ 'ਤੇ ਮੰਗ ਦਿਵਸ ਮਨਾਇਆ ਗਿਆ। ਜਿਸ ਦੀ ਪ੍ਰਧਾਨਗੀ ਆਸ਼ਾ ਫੈਸੀਲੀਟੇਟਰ ਵਰਕਰ ਯੂਨੀਅਨ ਵੱਲੋਂ ਬਲਜੀਤ ਕੌਰ, ਪੈਨਸ਼ਨਰ ਯੂਨੀਅਨ ਦੇ ਆਗੂ ਤੇਲੂ ਰਾਮ ਅਤੇ ਉਸਾਰੀ ਮਜ਼ਦੂਰਾਂ ਦੇ ਸੂਬਾ ਆਗੂ ਕਾਮਰੇਡ ਪ੍ਰੇਮ ਚੰਦ ਜੱਟਪੁਰ ਵੱਲੋਂ ਕੀਤੀ ਗਈ। ਇੱਥੇ ਸੰਬੋਧਨ ਕਰਦੇ ਹੋਏ ਸੀਟੂ ਪੰਜਾਬ ਦੇ ਸਕੱਤਰ ਕਾਮਰੇਡ ਗੁਰਦੇਵ ਸਿੰਘ ਬਾਗੀ ਨੇ ਕਿਹਾ ਕਿ "ਦੇਸ਼ ਦੀਆਂ ਦਸ ਕੇਂਦਰੀ ਟਰੇਡ ਯੂਨੀਅਨਾਂ ਅਤੇ ਕੇਂਦਰੀ/ਰਾਜ ਸਰਕਾਰਾਂ ਦੀਆਂ ਮੁਲਾਜ਼ਮ ਫੈਡਰੇਸ਼ਨਾਂ ਵੱਲੋਂ 20 ਮਈ ਨੂੰ ਦੇਸ਼ ਵਿਆਪੀ ਹੜਤਾਲ ਦਾ ਸੱਦਾ ਦਿੱਤਾ ਗਿਆ ਸੀ ਪਰ ਕਸ਼ਮੀਰ ਦੇ ਪਹਿਲਗਾਮ ਵਿੱਚ ਵਾਪਰੀ ਅਣਮਨੁੱਖੀ ਘਟਨਾ ਤੋਂ ਬਾਅਦ ਦੇਸ਼ ਦੇ ਹਾਲਾਤ ਨੂੰ ਮੁੱਖ ਰੱਖਦਿਆਂ 15 ਮਈ ਨੂੰ ਦਿੱਲੀ ਵਿਖੇ ਮੀਟਿੰਗ ਕਰਕੇ ਇਸ ਹੜਤਾਲ ਨੂੰ ਅੱਗੇ ਵਧਾਉਣ ਦਾ ਫੈਸਲਾ ਲੈਣਾ ਪਿਆ। ਸੋ ਫਿਰ 20 ਮਈ ਨੂੰ ਬਲਾਕ ਅਤੇ ਜਿਲ੍ਹਾ ਪੱਧਰੀ ਮੰਗ ਦਿਵਸ ਦੇ ਤੌਰ ਤੇ ਮਨਾਉਣ ਦਾ ਸੱਦਾ ਦਿੱਤਾ ਗਿਆ। ਜੋ ਕਿ ਅੱਜ ਆਪਾਂ ਵੀ ਮਨਾ ਰਹੇ ਹਾਂ। ਸਾਥੀਓ... ! ਇਸ ਹੜਤਾਲ ਨੇ ਕਿਰਤੀ ਵਰਗ ਲਈ ਰਾਹ ਦਸੇਰਾ ਬਣਨਾ ਹੈ। ਸਾਡੀ ਜ਼ਿੰਮੇਵਾਰੀ ਬਣਦੀ ਹੈ ਕਿ ਜਿਹੜੇ ਲੋਕਾਂ ਤੱਕ ਪਹੁੰਚ ਨਹੀਂ ਹੋ ਸਕੀ ਉਹਨਾਂ ਤੱਕ ਪਹੁੰਚ ਕੇ ਇਸ ਨੂੰ ਸਫਲ ਬਣਾਉਣ ਲਈ ਕੋਈ ਕਸਰ ਨਾ ਛੱਡੀ ਜਾਵੇ।" ਆਸ਼ਾ ਫੈਸਲੀਟੇਟਰ ਵਰਕਰ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਕਾਮਰੇਡ ਸੁਰਜਿੰਦਰ ਕੌਰ ਨੇ ਕਿਹਾ ਕਿ ਅਸੀਂ ਤਾਂ ਹੜਤਾਲ ਨੂੰ ਸਫਲ ਬਣਾਉਣਾ ਹੀ ਹੈ ਪਰ ਆਪਣੀ ਜ਼ਿੰਮੇਵਾਰੀ ਬਣਦੀ ਹੈ ਕਿ ਇਸ ਹੜਤਾਲ ਦੇ ਸੱਦੇ ਨੂੰ ਘਰ ਘਰ ਤੱਕ ਪੁੱਜਦਾ ਕਰੀਏ। ਅੱਗੇ ਕੁੱਲ ਹਿੰਦ ਖੇਤ ਮਜਦੂਰ ਯੂਨੀਅਨ ਦੇ ਜ਼ਿਲ੍ਹਾ ਜਨਰਲ ਸਕੱਤਰ ਕਾਮਰੇਡ ਬਜਿੰਦਰ ਪੰਡਿਤ ਨੇ ਕਿਹਾ ਕਿ ਟਰੇਡ ਯੂਨੀਅਨਾਂ ਦੇ ਮੰਗ ਪੱਤਰ ਵਿੱਚ ਹਰੇਕ ਵਰਗ ਦੀਆਂ ਮੰਗਾਂ ਹਨ। ਆਪਣੀ ਜ਼ਿੰਮੇਵਾਰੀ ਬਣਦੀ ਹੈ ਕਿ ਸਭਨਾਂ ਨੂੰ ਹੜਤਾਲ ਸਫਲ ਬਣਾਉਣ ਲਈ ਪ੍ਰੇਰਿਤ ਕਰੀਏ। ਕੁੱਲ ਹਿੰਦ ਕਿਸਾਨ ਸਭਾ ਦੇ ਜ਼ਿਲ੍ਹਾ ਆਗੂ ਕਾਮਰੇਡ ਜਸਵਿੰਦਰ ਸਿੰਘ ਢੇਰ ਨੇ ਇਸ ਦੇਸ਼ ਵਿਆਪੀ ਹੜਤਾਲ ਨੂੰ ਸਫਲ ਬਣਾਉਣ ਲਈ ਹਰ ਤਰ੍ਹਾਂ ਦੇ ਸਹਿਯੋਗ ਦਾ ਵਿਸ਼ਵਾਸ ਦਿਵਾਇਆ। ਲਾਲ ਝੰਡਾ ਪੇਂਡੂ ਚੌਕੀਦਾਰ ਯੂਨੀਅਨ ਦੇ ਜ਼ਿਲ੍ਹਾ ਆਗੂ ਕਾਮਰੇਡ ਜਗਦੀਸ਼ ਸਿੰਘ ਅਟਾਰੀ ਨੇ ਸੱਭਿਆਚਰਕ ਗੀਤ ਗਾ ਕੇ ਹਾਜ਼ਰੀ ਲਵਾਈ। ਆਸ਼ਾ ਫੈਸਲੀਟੇਟਰ ਵਰਕਰ ਯੂਨੀਅਨ ਦੇ ਸੂਬਾ ਆਗੂ ਰਣਜੀਤ ਕੌਰ ਨੇ ਵੀ 09 ਜੁਲਾਈ ਦੀ ਹੜਤਾਲ ਨੂੰ ਸਫਲ ਬਣਾਉਣ ਲਈ ਕੋਈ ਕਸਰ ਨਾ ਛੱਡਣ ਦਾ ਵਿਸ਼ਵਾਸ ਦਿਵਾਇਆ। ਉਪਰੰਤ ਪ੍ਰਧਾਨਗੀ ਮੰਡਲ ਵਿੱਚੋਂ ਬਲਜੀਤ ਕੌਰ ਨੇ ਪਹੁੰਚੇ ਹੋਏ ਸਮੂਹ ਇਕੱਠ ਦਾ ਧੰਨਵਾਦ ਕੀਤਾ। ਇਸ ਮੌਕੇ ਸਾਥੀ ਤਰਲੋਚਨ ਸਿੰਘ ਹੁਸੈਨਪੁਰ, ਸ਼੍ਰੀ ਪਾਲ ਸੂਬਾ ਕਮੇਟੀ ਮੈਂਬਰ ਉੱਤਰ ਪ੍ਰਦੇਸ਼, ਕੁੱਲ ਹਿੰਦ ਕਿਸਾਨ ਸਭਾ ਜੱਗਾ ਸਿੰਘ ਅਤੇ ਹੋਰ ਪਤਵੰਤੇ ਸੱਜਣ ਹਾਜ਼ਰ ਸਨ।

# ਪਹਿਲਾਂ ਪੰਜਾਬ ਦੇ ਲੋਕ ਦਿੱਲੀ ਉਤੇ ਰਾਜ ਕਰਨ ਲਈ ਦਿੱਲੀ ਜਾਂਦੇ ਸਨ

## ਹੁਣ ਦਿੱਲੀ ਦੇ ਹਾਰੇ ਹੋਏ ਲੋਕ ਪੰਜਾਬ ਵਿੱਚ ਰਾਜ ਕਰ ਰਹੇ ਹਨ ਹਨ-ਸੁਖਬੀਰ ਸਿੰਘ ਬਾਦਲ



**ਲੁਧਿਆਣਾ ਬਲਬੀਰ ਸਿੰਘ ਬੱਬੀ।** ਬੀਤੇ ਦਿਨੀ ਪੰਜਾਬ ਸਰਕਾਰ ਵੱਲੋਂ ਲੁਧਿਆਣਾ ਦੇ ਮੁੱਲਾਂਪੁਰ ਇਲਾਕੇ ਦੇ ਪਿੰਡਾਂ ਦੀ ਜਮੀਨ ਸਬੰਧੀ ਇੱਕ ਨੋਟੀਫਿਕੇਸ਼ਨ ਕੱਢਿਆ ਗਿਆ ਹੈ ਕਈ ਸੌ ਏਕੜਾਂ ਦੀ ਜਮੀਨ ਦੇ ਸੰਬੰਧ ਵਿੱਚ ਇਹ ਕਿਹਾ ਜਾ ਰਿਹਾ ਹੈ ਕਿ ਇੱਥੇ ਬੜੇ ਬੜੇ ਪ੍ਰੋਜੈਕਟ ਲੱਗਣੇ ਹਨ ਜਿਸ ਦੇ ਵਿੱਚ ਰਿਹਾਇਸ਼ੀ ਇਲਾਕੇ ਤੇ ਹੋਰ ਬੜਾ ਕੁਝ ਬਣਨਾ ਹੈ ਜਦੋਂ ਦਾ ਪੰਜਾਬ ਸਰਕਾਰ ਵੱਲੋਂ ਇਹ ਐਲਾਨ ਹੋਇਆ ਹੈ ਉਸ ਵੇਲੇ ਤੋਂ ਹੀ ਲੋਕਾਂ ਵਿੱਚ ਚਰਚਾ ਵਧੀ ਹੋਈ ਹੈ। ਪੰਜਾਬ ਨਾਲ ਸੰਬੰਧਿਤ ਰਾਜਨੀਤਿਕ ਪਾਰਟੀਆਂ ਦੇ ਆਗੂ ਇਸ ਮਾਮਲੇ ਉੱਤੇ ਵੀ ਬਿਆਨ ਦੇ ਰਹੇ ਹਨ ਅੱਜ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਪ੍ਰਕਾਸ਼ ਸਿੰਘ ਬਾਦਲ ਜਿੱਥੇ ਲੁਧਿਆਣਾ ਵਿੱਚ ਚੋਣ ਪ੍ਰਚਾਰ ਦਰਮਿਆਨ ਪੁੱਜੇ ਉੱਥੇ ਉਹਨਾਂ ਨੇ ਇਸ ਮਸਲੇ ਉੱਪਰ ਵੀ ਜ਼ੋਰਦਾਰ ਗੱਲਬਾਤ ਕੀਤੀ। ਉਹਨਾਂ ਨੇ ਪ੍ਰਮੁੱਖ ਤੌਰ ਤੇ ਆਪਣੀ ਗੱਲਬਾਤ ਦੇ ਵਿੱਚ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਸਹੀ ਮਾਅਨਿਆਂ ਵਿੱਚ ਦਿੱਲੀ ਤੋਂ ਹਾਰਨ ਦੇ ਬਾਅਦ ਉਥੋਂ ਦੇ ਆਪ ਆਗੂਆਂ ਨੇ ਪੰਜਾਬ ਵਿੱਚ ਆ ਕੇ ਕਬਜ਼ਾ ਕਰ ਲਿਆ ਤੇ ਅਸਲੀ ਚੀਫ ਮਿਨਿਸਟਰ ਅਸਲੀ ਸਾਰਾ ਕੁਛ ਉਹਨਾਂ ਨੇ ਕੰਟਰੋਲ ਕਰ ਲਿਆ ਮੁਨੀਸ਼ ਸਸੋਦੀਆ ਤੇ ਸਤਿੰਦਰ ਜੈਨ ਜਿਹੜੇ ਮਿਨਿਸਟਰ ਸੀ ਜਿਹੜੇ ਉੱਥੇ ਜੇਲ੍ਹ 'ਚ ਸੀ ਭਰਿਸ਼ਟਾਚਾਰ ਦੇ ਕੇਸ ਸੀ ਉਹਨਾਂ ਨੂੰ ਭਗਵੰਤ ਮਾਨ ਨੇ ਸਿੱਧੇ ਤੌਰ ਉੱਤੇ ਹੀ ਪੰਜਾਬ ਸੰਭਾਲ ਦਿੱਤਾ ਹੈ। ਪੰਜਾਬ ਵਿੱਚ ਹੁਣ ਕੇਜਰੀਵਾਲ ਦਾ ਹੁਕਮ ਚੱਲਣ ਲੱਗ ਗਿਆ। ਉਨਾ ਕਿਹਾ ਕਿ ਕੇਜਰੀਵਾਲ ਮਨੀਸ਼ ਸਸੋਦੀਆ ਸਤਿੰਦਰ ਜੈਨ ਤੇ ਦਿੱਲੀ ਦੇ ਹਾਰੇ ਹੋਏ ਲੋਕਾਂ ਨੇ ਇਹ ਫੈਸਲਾ ਕਰ ਲਿਆ ਹੈ ਕਿ ਪੰਜਾਬ ਵਿੱਚ ਹੁਣ ਸਾਡਾ ਡੇਢ ਕੁ ਸਾਲ ਦਾ ਸਮਾਂ ਰਹਿੰਦਾ ਹੈ ਉਸ ਤੋਂ ਬਾਅਦ ਸਾਡੀ ਸਰਕਾਰ ਨਹੀਂ ਬਣਨੀ ਇਸ ਲਈ ਕਿਸੇ ਨਾ ਕਿਸੇ ਤਰੀਕੇ ਪੰਜਾਬ ਨੂੰ ਲੁੱਟ ਲਈਏ ਮੁੜ ਕੇ ਤਾਂ ਸਾਡੀ ਵਾਰੀ ਨਹੀਂ ਆਉਣੀ। ਇਥੇ ਜਿਹੜੀ ਜਮੀਨ ਲੁਧਿਆਣੇ ਦੇ ਨਾਲ ਤਕਰੀਬਨ 24 ਹਜਾਰ ਏਕੜ ਨੂੰ ਅਕਾਵਾਇਰ ਕਰਨ ਦਾ ਪਲੈਨ ਬਣਾ ਲਿਆ ਸਾਰੇ ਅਫਸਰਾਂ ਨੇ ਮੈਨੂੰ ਦੱਸਿਆ ਇਹਨਾਂ ਨੇ ਹੌਲੀ ਹੌਲੀ ਲੁਧਿਆਣਾ ਦੇ ਵਾਂਗ ਹੋਰ ਸ਼ਹਿਰਾਂ ਦੇ ਆਲੇ ਦੁਆਲੇ ਵੀ ਇਸ ਤਰ੍ਹਾਂ ਹੀ ਪਲਾਨ ਕਰਨਾ ਹੈ ਜਿਹੜੇ ਲੋਕਾਂ ਦੀ ਜਮੀਨ ਹੈ ਉਹਨਾਂ ਨੂੰ ਗਲਤ ਤਰੀਕੇ ਦੀਆਂ ਸਲਾਹਾਂ ਦੇ ਕੇ ਗਲਤ ਕਾਨੂੰਨ ਬਣਾ ਕੇ ਆਪਣੇ ਜਾਲ ਵਿੱਚ ਫਸਾਇਆ ਜਾਵੇਗਾ। ਇਹਨਾਂ ਨੇ ਐਕੂਜੀਸ਼ਨ ਦਾ ਨੋਟਿਸ ਦੇ ਦੇਣਾ ਐਕੁਜਏਸ਼ਨ ਦਾ ਨੋਟਿਸ ਦਾ ਮਤਲਬ ਹੈ ਕਿ ਉੱਥੇ ਰਜਿਸਟਰੀਆਂ ਬੰਦ ਹੋ ਜਾਣਗੀਆਂ ਕਿਸਾਨ ਜਾ ਵਪਾਰੀ ਜਿਹਦੀ ਵੀ ਕੋਈ ਜਮੀਨ ਹੈ ਜਿਹਨੇ ਕੋਈ ਇਨਵੈਸਟਮੈਂਟ ਵਾਸਤੇ ਲਿੱਤੀ ਹੈ। ਉਹਨਾਂ ਦੀ ਕੋਈ ਪੇਸ਼ ਨਹੀਂ ਜਾਵੇਗੀ ਇਨਾ ਠੱਗ ਟੋਲਿਆਂ ਨੇ ਪੰਜਾਬ ਦੇ ਨਾਲ ਹੋਰ ਬੜਾ ਕੁਝ ਕਰਨਾ ਹੈ ਆਓ ਸਾਰੇ ਇਕੱਤਰ ਹੋ ਕੇ ਰਹਿੰਦੇ ਸਮੇਂ ਵਿੱਚ ਇਹਨਾਂ ਦਾ ਵਿਰੋਧ ਕਰਕੇ ਇਹਨਾਂ ਨੂੰ ਪੰਜਾਬ ਵਿੱਚੋਂ ਭਜਾਈਏ।

# ਪਿੰਡ ਹਲਵਾਰਾ ਵਿਖੇ ਗਿਆਨ ਦੇ ਪ੍ਰਤੀਕ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੀ 134 ਵੀਂ ਜੈਯੰਤੀ ਨੂੰ ਸਮਰਪਿਤ ਇਨਾਮ ਵੰਡ ਸਮਾਰੋਹ ਕਰਵਾਇਆ ਗਿਆ

ਭਾਈ ਘਨੁੱਈਆ ਜੀ ਵੈਲਫੇਅਰ ਸੁਸਾਇਟੀ ਪਿੰਡ ਹਲਵਾਰਾ ਵੱਲੋਂ ਪਿੰਡ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਵਿੱਚੋਂ ਪਹਿਲੇ, ਦੂਜੇ ਅਤੇ ਤੀਜੇ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਸੁਸਾਇਟੀ ਵੱਲੋਂ ਕਾਪੀਆਂ ਦੇ ਸੈੱਟ ਅਤੇ ਸਨਮਾਨ ਚਿੰਨ੍ਹ ਭੇਂਟ ਕਰਕੇ ਬੱਚਿਆਂ ਦੀ ਹੌਸਲਾ ਅਫਜਾਈ ਕੀਤੀ ਗਈ ਅਤੇ ਬੱਚਿਆਂ ਨੂੰ ਪੜ੍ਹਾਈ ਪ੍ਰਤੀ ਪ੍ਰੇਰਿਤ ਕੀਤਾ ਗਿਆ । ਇਸ ਮੌਕੇ ਸੁਸਾਇਟੀ ਦੇ ਸਰਪ੍ਰਸਤ ਸ: ਧਨਵੰਤ ਸਿੰਘ, ਪ੍ਰਧਾਨ ਚਰਨਜੀਤ ਸਿੰਘ, ਮੁੱਖ ਬੁਲਾਰਾ ਮਾਸਟਰ ਰੇਸ਼ਮ ਸਿੰਘ,ਮੀਤ ਪ੍ਰਧਾਨ ਹਰਵਿੰਦਰ ਸਿੰਘ,ਸੀਨੀਅਰ ਮੀਤ ਪ੍ਰਧਾਨ ਸੁਰਿੰਦਰ ਸਿੰਘ, ਜਨਰਲ ਸਕੱਤਰ ਹਰਭਜਨ ਸਿੰਘ,ਜੁਆਇੰਟ ਸਕੱਤਰ ਕਿਰਪਾਲ ਸਿੰਘ, ਸਹਾਇਕ ਖਜ਼ਾਨਚੀ ਚਰਨ ਸਿੰਘ, ਪ੍ਰੈਸ ਸਕੱਤਰ ਅਮਨਦੀਪ ਸਿੰਘ ਸਾਬਕਾ ਪੰਚ,ਗੁਰੂਦੁਆਰਾ ਸੁਤੰਤਰ ਸਾਹਿਬ ਪ੍ਰਧਾਨ ਮੇਜਰ ਸਿੰਘ, ਝਲਮਣ ਸਿੰਘ, ਰਿੱਕੀ ਪ੍ਰਧਾਨ, ਸੁੱਖਾ ਹਲਵਾਰਾ, ਪ੍ਰਿੰਸੀਪਲ ਮਾਨਵਦੀਪ ਕੌਰ ਅਤੇ ਸਮੂਹ ਸਟਾਫ ਹਾਜ਼ਰ ਸਨ ।



# ਨਸ਼ੀਲੇ ਪਦਾਰਥ ਦਾ ਸੇਵਨ ਕਰ ਰਹੇ ਨੌਜਵਾਨ ਨੂੰ ਅੱਪਰਾ ਪੁਲਿਸ ਨੇ ਕੀਤਾ ਗ੍ਰਿਫਤਾਰ

**ਫਿਲੌਰ/ਅੱਪਰਾ (ਦੀਪਾ)**-ਅੱਪਰਾ ਪੁਲਿਸ ਨੇ ਨਸ਼ੀਲੇ ਪਦਾਰਥ ਦਾ ਸੇਵਨ ਕਰ ਰਹੇ ਇੱਕ ਨੌਜਵਾਨ ਨੂੰ ਕਾਬੂ ਕੀਤਾ ਹੈ । ਇਸ ਸੰਬੰਧ 'ਚ ਜਾਣਕਾਰੀ ਦਿੰਦਿਆਂ ਸਬ ਇੰਸਪੈਕਟਰ ਨਿਰਮਲ ਸਿੰਘ ਚੌਕੀ ਇੰਚਾਰਜ ਅੱਪਰਾ ਨੇ ਦੱਸਿਆ ਕਿ ਇੱਕ ਨੌਜਵਾਨ ਬਲਵੀਰ ਰਾਮ ਉਰਫ ਜੌਨੀ ਪੁੱਤਰ ਤਰਸੇਮ ਲਾਲ ਵਾਸੀ ਪਿੰਡ ਸਮਰਾੜੀ ਲੁਕ ਕੇ ਨਸ਼ੇ ਦਾ ਸੇਵਨ ਕਰ ਰਿਹਾ ਸੀ । ਉਸ ਨੂੰ ਕਾਬੂ ਕਰਕੇ ਉਸਦੇ ਖਿਲਾਫ਼ ਥਾਣਾ ਫਿਲੌਰ ਵਿਖੇ ਐੱਨ. ਡੀ. ਪੀ. ਐੱਸ ਐਕਟ ਦੀ ਧਾਰਾ 27-61-85 ਤਹਿਤ ਮੁਕਦਮਾ ਨੰਬਰ 150 ਦਰਜ ਕਰਕੇ ਉਸਦਾ ਸਿਵਲ ਹਸਪਤਾਲ ਜਲੰਧਰ ਤੋਂ ਡੋਪ ਟੈਸਟ ਕਰਵਾ ਕੇ ਉੱਥੇ ਹੀ ਦਾਖਲ ਕਰਵਾ ਦਿੱਤਾ ਗਿਆ ਹੈ ।



ਜਾਣਕਾਰੀ ਦਿੰਦੇ ਹੋਏ ਸਬ ਇੰਸਪੈਕਟਰ ਨਿਰਮਲ ਸਿੰਘ ਚੌਕੀ ਇੰਚਾਰਜ ਅੱਪਰਾ

The Samaj Weekly and people associated with it are not responsible for any claims made by the advisers and don’t endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਮਾਨ ਸਰਕਾਰ ਪੰਜਾਬੀਆਂ ਦੇ ਹਿੱਤਾਂ ਨੂੰ ਕਰ ਰਹੀ ਦਰਕਿਨਾਰ



**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਲੁਧਿਆਣਾ ਵਿਧਾਨ ਸਭਾ ਹਲਕਾ ਪੱਛਮੀ ਤੋਂ ਉੱਪ ਚੋਣ ਲਈ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਐਡਵੋਕੇਟ ਪਰਉਪਕਾਰ ਸਿੰਘ ਘੁੰਮਣ ਨੇ ਬੀ.ਆਰ.ਐਸ. ਨਗਰ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਨਾਲ ਝੂਠੇ ਵਾਅਦੇ ਕਰਨ ਵਾਲੀ 'ਆਪ' ਸਰਕਾਰ ਹੁਣ ਅਪਣੇ ਵਰਕਰਾਂ ਨਾਲ ਕੀਤੇ ਵਾਅਦਿਆਂ ਤੋਂ ਵੀ ਮੁਕਰਦੀ ਨਜ਼ਰ ਆ ਰਹੀ ਹੈ ਜੋ ਇੱਕ ਇੱਕ ਕਰਕੇ ਲੋਕਾਂ ਨਾਲ ਸਾਹਮਣੇ ਆ ਰਹੇ ਹਨ। ਐਡਵੋਕੇਟ ਘੁੰਮਣ ਨੇ ਕਿਹਾ ਕਿ ਸੂਬਾ ਪੰਜਾਬ ਦੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਪੰਜਾਬੀਆਂ ਦੇ ਹਿੱਤਾਂ ਨੂੰ ਦਰਕਿਨਾਰ ਕਰਕੇ ਕੇਜਰੀਵਾਲ ਐਂਡ ਪਾਰਟੀ ਦੇ ਦੀਪਕ ਚੌਹਾਨ ਨੂੰ ਪੰਜਾਬ ਰਾਜ ਇੰਡਸਟਰੀਅਲ ਕਾਰਪੋਰੇਸ਼ਨ ਡਿਵੈਲਪਮੈਂਟ ਬੋਰਡ ਦਾ ਚੇਅਰਮੈਨ ਲਗਾਇਆ ਗਿਆ ਜੋ ਸੰਦੀਪ ਪਾਠਕ ਦੇ ਬਹੁਤ-ਨਜ਼ਦੀਕੀ ਮੰਨੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ (ਪਾਰਟੀ ਮੈਂਬਰਾਂ) ਦੀ ਮਿਹਨਤ ਸਦਕਾ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਅੱਜ ਭਗਵੰਤ ਮਾਨ ਸਰਕਾਰ ਉਨ੍ਹਾਂ ਦੇ ਹਿੱਤਾਂ ਤੇ ਡਾਕਾ ਮਾਰ ਕੇ ਦਿੱਲੀ ਤੋਂ ਆਏ ਆਪਣੇ ਆਕਾਵਾਂ ਨੂੰ ਖੁਸ਼ ਕਰਨ ਵਿੱਚ ਲੱਗੀ ਹੋਈ ਹੈ ਜੋ ਬੜੀ ਸ਼ਰਮ ਵਾਲੀ ਗੱਲ ਹੈ ।

# ਧੋਖਾਧੜੀ ਮਾਮਲੇ ਵਿੱਚ ਧਰਮਸੋਤ ਦੇ ਪੁੱਤਰ ਸਮੇਤ 2 ਨੂੰ ਨੋਟਿਸ ਜਾਰੀ

**ਬਲਬੀਰ ਸਿੰਘ ਬੱਬੀ**



ਪੁਰਾਤਨ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਮੁਹਾਵਰੇ ਦੇ ਅਖੌਤਾਂ ਸਾਡੇ ਬਜ਼ੁਰਗਾਂ ਨੇ ਐਵੇਂ ਨਹੀਂ ਸਨ ਬਣਾਈਆਂ। ਇਹ ਕਿਸੇ ਨਾ ਕਿਸੇ ਉੱਪਰ ਢੁਕਦੀਆਂ ਹੁੰਦੀਆਂ ਸਨ ਤਾਂ ਮੁਹਾਵਰਾ ਅਖੌਤ ਬਣੀ ਤੇ ਤਾਂ ਹੀ ਇਹ ਅੱਜ ਤੱਕ ਚੱਲ ਰਹੀ ਹੈ ਸਾਡੇ ਸਮਾਜ ਵਿੱਚ ਬਹੁਤੇ ਲੋਕਾਂ ਉੱਤੇ ਇਹ ਮੁਹਾਵਰੇ ਆਮ ਹੀ ਫਿਟ ਹੋ ਜਾਂਦੇ ਹਨ ਬਾਕੀ ਤੁਹਾਨੂੰ ਇਸ ਖਬਰ ਵਿੱਚ ਪਤਾ ਲੱਗ ਜਾਵੇਗਾ। ਸਾਬਕਾ ਜੰਗਲਾਤ ਮੰਤਰੀ ਸਾਧੂ ਸਿੰਘ ਧਰਮਸੋਤ ਜੋ ਮੰਤਰੀ ਹੁੰਦਿਆਂ ਹੋਇਆਂ ਵੱਡੀ ਧੋਖਾ ਧੜੀ ਕਰਦੇ ਰਹੇ ਤੇ ਜੇਲ ਯਾਤਰਾ ਉੱਤੇ ਵੀ ਹਨ। ਹੁਣ ਉਨ੍ਹਾਂ ਦੇ ਪੁੱਤਰ ਹਰਪ੍ਰੀਤ ਸਿੰਘ ਵਿਰੁੱਧ ਧੋਖਾਧੜੀ ਦੇ ਇੱਕ ਗੰਭੀਰ ਮਾਮਲੇ ਦੀ ਸੁਣਵਾਈ ਦੌਰਾਨ ਅਦਾਲਤ ਨੇ ਦੋਸ਼ੀਆਂ ਨੂੰ ਨੋਟਿਸ ਜਾਰੀ ਕੀਤਾ ਹੈ। ਇਹ ਮਾਮਲਾ ਵਿਜਿਲੈਂਸ ਵਿਭਾਗ ਵੱਲੋਂ ਦਰਜ ਕੀਤਾ ਗਿਆ ਹੈ। ਮਾਰਚ 2023 ਵਿੱਚ ਸਾਬਕਾ ਮੰਤਰੀ ਧਰਮਸੋਤ ਦੇ ਪੁੱਤਰ ਤੇ ਚਾਰ ਹੋਰਾਂ ਵਿਰੁੱਧ ਕੇਸ ਦਰਜ ਕੀਤਾ ਗਿਆ ਸੀ। ਦੋਸ਼ ਹੈ ਕਿ ਇੱਕ ਦਿਨ ਉਨ੍ਹਾਂ ਨੇ 60 ਲੱਖ ਰੁਪਏ ਦਾ ਪਲਾਟ ਖ਼ਰੀਦਿਆ ਅਤੇ ਇਸ ਨੂੰ 25 ਲੱਖ ਰੁਪਏ ਵਿੱਚ ਵੇਚ ਦਿੱਤਾ। ਇਸ ਤਰ੍ਹਾਂ ਸਰਕਾਰੀ ਖਜ਼ਾਨੇ ਨੂੰ ਧੋਖਾਧੜੀ ਨਾਲ ਨੁਕ-ਸਾਨ ਪਹੁੰਚਾਇਆ ਗਿਆ। ਵਿਜੀਲੈਂਸ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ।ਇਹ ਕਾਰਵਾਈ ਖਰੀਦ-ਫਰੋਖਤ ਅਤੇ ਮਨੀ ਲਾਂਡਰਿੰਗ ਨਾਲ ਜੋੜੀ ਜਾ ਰਹੀ ਹੈ। ਵਿਜਿਲੈਂਸ ਵਿਭਾਗ ਨੇ ਆਪਣੀ ਰਿਪੋਰਟ 'ਚ ਇਹ ਵੀ ਦੱਸਿਆ ਕਿ ਇਸ ਸੌਦੇ ਵਿਚ ਨਕਲੀ ਦਸਤਾਵੇਜ਼ਾਂ ਦੀ ਵਰਤੋਂ ਕੀਤੀ ਗਈ।

ਇਸ ਮਾਮਲੇ ਦੀ ਸੁਣਵਾਈ ਬੁੱਧਵਾਰ ਨੂੰ ਵਧੀਕ ਸੈਸ਼ਨ ਜੱਜ ਦੀ ਅਦਾਲਤ ਵਿੱਚ ਹੋਈ। ਸੁਣਵਾਈ ਦੌਰਾਨ ਸਾਧੂ ਸਿੰਘ ਧਰਮਸੋਤ ਅਦਾਲਤ ਵਿੱਚ ਹਾਜ਼ਰ ਹੋਏ, ਪਰ ਹਰਪ੍ਰੀਤ ਸਿੰਘ ਅਤੇ ਗੁਰਪ੍ਰੀਤ ਸਿੰਘ ਪੇਸ਼ ਨਹੀਂ ਹੋਏ। ਅਦਾਲਤ ਨੇ ਇਸ ਗ਼ੈਰਹਾਜ਼ਰੀ ਨੂੰ ਗੰਭੀਰਤਾ ਨਾਲ ਲੈਂਦੇ ਹੋਏ ਦੋਵਾਂ ਨੂੰ ਨੋਟਿਸ ਜਾਰੀ ਕਰ ਦਿੱਤਾ ਹੈ ਅਤੇ ਉਨ੍ਹਾਂ ਨੂੰ 20 ਮਈ 2025 ਨੂੰ ਅਗਲੀ ਪੇਸ਼ੀ ਲਈ ਹਾਜ਼ਰ ਹੋਣ ਦਾ ਹੁਕਮ ਦਿੱਤਾ ਗਿਆ ਹੈ।

# ਤਰਕਸ਼ੀਲਾਂ ਵੱਲੋਂ ਸਤਵੀਂ ਵਿਦਿਆਰਥੀ ਚੇਤਨਾ ਪ੍ਰੀਖਿਆ ਗ਼ਦਰ ਲਹਿਰ ਦੀ ਨਾਇਕਾ ਗ਼ਦਰੀ ਗੁਲਾਬ ਕੌਰ ਨੂੰ ਸਮਰਪਿਤ

## ● ਸੂਬਾ ਪੱਧਰੀ ਚੇਤਨਾ ਪ੍ਰੀਖਿਆ 29 ਤੇ 31 ਅਗਸਤ ਨੂੰ

## ● ਵਿਦਿਆਰਥੀ ਚੇਤਨਾ ਪ੍ਰੀਖਿਆ ਦੀ ਸਿਲੇਬਸ ਪੁਸਤਕਾਂ ਉਪਲੱਬਧ

**ਸੰਗਰੂਰ**

ਤਰਕਸ਼ੀਲ ਸੁਸਾਇਟੀ ਪੰਜਾਬ ਵਿਗਿਆਨਕ ਚੇਤਨਾ ਦਾ ਪ੍ਰਚਾਰ ਕਰਨ ਵਾਲੀ ਇਕ ਅਜਿਹੀ ਸੰਸਥਾ ਹੈ ਜਿਹੜੀ ਲੰਮੇ ਸਮੇਂ ਤੋਂ ਸਮਾਜ ਵਿੱਚ ਪ੍ਰਚਲਤ ਅੰਧਵਿਸ਼ਵਾਸਾਂ ,ਵਹਿਮ -ਭਰਮਾਂ ਤੇ ਪਿਛਾਂਹ ਖਿੱਚੂ ਸੰਸਕਾਰਾਂ ਤੇ ਰਸਮੋ ਰਿਵਾਜਾਂ ਦੇ ਖਾਤਮੇ ਲਈ ਯਤਨਸ਼ੀਲ ਹੈ ।ਸੁਸਾਇਟੀ ਵੱਲੋਂ ਆਪਣੇ ਇਸ ਕਾਰਜ ਦੀ ਪੂਰਤੀ ਲਈ ਦੋ ਮਾਸਿਕ ਮੈਗਜ਼ੀਨ ( ਪੰਜਾਬੀ ਤੇ ਹਿੰਦੀ )ਪ੍ਰਕਾਸ਼ਿਤ ਕੀਤਾ ਜਾਂਦਾ ਹੈ, ਜਿਸ ਵਿਚ ਪਾਠਕਾਂ ਲਈ ਦੋ ਮਹੀਨਿਆਂ ਵਿੱਚ ਵਾਪਰਨਾ ਵਾਲੀਆਂ ਘਟਨਾਵਾਂ ਦੇ ਵਰਨਣ ਤੋਂ ਇਲਾਵਾ ਮਨੋਵਿਗਿਆਨ ਸਿਹਤ ਸਿੱਖਿਆ ਤੇ ਸੰਸਾਰ ਪੱਧਰ ਦੀਆਂ ਵਿਗਿਆਨਕ ਖੋਜਾਂ ਬਾਰੇ ਪੜ੍ਹਨਯੋਗ ਰਚਨਾਵਾਂ ਹੁੰਦੀਆਂ ਹਨ। ਸੁਸਾਇਟੀ ਵੱਲੋਂ ਹੁਣ ਤਕ 50 ਦੇ ਕਰੀਬ ਪੁਸਤਕਾਂ ਛਾਪੀਆਂ ਜਾ ਚੁੱਕੀਆਂ ਹਨ। ਇਹਨਾਂ ਪੁਸਤਕਾਂ ਦੇ ਚਾਨਣ ਨੂੰ ਹਰੇਕ ਸਕੂਲ ,ਕਾਲਜ ,ਪਿੰਡ, ਸ਼ਹਿਰ ਤਕ ਪੁਜਦਾ ਕਰਨ ਲਈ ਤਰਕਸ਼ੀਲ ਸਾਹਿਤ ਵੈਨ ਵੀ ਹੈ। ਵਿਦਿਆਰਥੀਆਂ ਵਿਚ ਵਿਗਿਆਨਕ ਸੋਚ ਦਾ ਸੰਚਾਰ ਕਰਨ ਲਈ ਪਿਛਲੇ 7 ਸਾਲਾਂ ਤੋਂ ਹਰ ਸਾਲ ਇਕ ਪ੍ਰੀਖਿਆ ਲਈ ਜਾਂਦੀ ਹੈ ,ਜਿਸ ਵਿੱਚ ਪੰਜਾਬ ਭਰ ਵਿਚੋਂ ਹਜ਼ਾਰਾਂ ਵਿਦਿਆਰਥੀਆਂ ਭਾਗ ਲੈਂਦੇ ਹਨ।ਇਸ ਲਈ ਤਰਕਸ਼ੀਲ ਸੁਸਾਇਟੀ ਮਿਡਲ ਅਤੇ ਇਸ ਤੋਂ ਉੱਪਰਲੀਆਂ ਸ਼੍ਰੇਣੀਆਂ ਲਈ ਵੱਖ ਵੱਖ ਪੁਸਤਕਾਂ ਛਾਪਦੀ ਹੈ ,ਜਿਨ੍ਹਾਂ ਵਿੱਚ ਅੰਧਵਿਸ਼ਵਾਸ ਅਤੇ ਵਹਿਮਾਂ- ਭਰਮਾਂ ਵਿਚੋਂ ਨਿਕਲ ਕੇ ਵਿਗਿਆਨਕ ਸੋਚ ਅਪਨਾਉਣ ਲਈ ਸੇਧ ਦੇਣ ਵਾਲੇ ਪਾਠ ਹੁੰਦੇ ਹਨ। ਇਨ੍ਹਾਂ ਵਿੱਚ ਉਨ੍ਹਾਂ ਵਿਗਿਆਨੀਆਂ, ਸ਼ਹੀਦਾਂ ,ਚਿੰਤਕਾਂ ਨਾਲ ਜਾਣ ਪਛਾਣ ਕਰਵਾਈ ਜਾਂਦੀ ਹੈ ,ਜਿਨ੍ਹਾਂ ਨੇ ਇਸ ਧਰਤੀ ਉੱਤੇ ਮਨੁੱਖੀ ਜ਼ਿੰਦਗੀ ਨੂੰ ਬਿਹਤਰ ਬਣਾਉਣ ਲਈ ਆਪਣੀਆਂ ਜ਼ਿੰਦਗੀਆਂ ਅਰਪਣ ਕਰ ਦਿੱਤੀਆਂ।ਇਸ ਪੁਸਤਕ ਵਿੱਚ ਸਹੀ ਖਾਣ ਪੀਣ, ਮਾਨਸਿਕ ਤੇ ਸਰੀਰਕ ਸਿਹਤ ਨੂੰ ਤੰਦਰੁਸਤ ਰੱਖਣ ਅਤੇ ਬੁਰੀਆਂ ਆਦਤਾਂ ਤੋਂ ਬਚਣ ਸਬੰਧੀ ਵੀ ਲਿਖਤਾਂ ਹੁੰਦੀਆ ਹਨ!

ਇਨ੍ਹਾਂ ਪੁਸਤਕਾਂ ਨੂੰ ਪੜ੍ਹਨ ਨਾਲ ਵਿਦਿਆਰਥੀਆਂ ਵਿਚ ਆਤਮ ਵਿਸ਼ਵਾਸ ਵੀ ਪੈਦਾ ਹੁੰਦਾ ਹੈ। ਵਿਦਿਆਰਥੀ ਸਿਲੇਬਸ ਦੇ ਦਾਇਰੇ ਵਿੱਚੋਂ ਬਾਹਰ ਨਿਕਲ ਕੇ ਸੰਸਾਰ ਅੰਦਰ ਵਾਪਰਨ ਵਾਲ਼ੇ ਹੋਰ ਵਰਤਾਰਿਆਂ ਬਾਰੇ ਸਹੀ ਜਾਣਕਾਰੀ ਹਾਸਲ ਕਰਦੇ ਹਨ।ਜੋਨ ਜਥੇਬੰਦਕ ਮੁਖੀ ਮਾਸਟਰ ਪਰਮ ਵੇਦ,ਮੀਡੀਆ ਮੁਖੀ ਸੀਤਾ ਰਾਮ ਬਾਲਦ ਕਲਾਂ ਤੇ ਵਿਤ ਮੁਖੀ ਸੋਹਣ ਸਿੰਘ ਮਾਝੀ ਨੇ ਦੱਸਿਆ ਕਿ ਇਸ ਵਾਰ ਸੂਬਾ ਪੱਧਰੀ ਸਤਵੀਂ ਵਿਦਿਆਰਥੀ ਚੇਤਨਾ ਪਰਖ਼ ਪ੍ਰੀਖਿਆ 29 ਤੇ 31ਅਗਸਤ ਨੂੰ ਲਈ ਜਾਵੇਗੀ।ਇਸ ਸਾਲ ਇਹ ਪ੍ਰੀਖਿਆ




ਗ਼ਦਰ ਲਹਿਰ ਦੀ ਨਾਇਕਾ ਗ਼ਦਰੀ ਗੁਲਾਬ ਕੌਰ ਨੂੰ ਸਮਰਪਿਤ ਹੈ।ਇਸ ਪ੍ਰੀਖਿਆ ਵਿੱਚ ਵਧੀਆ ਕਾਰਗੁਜ਼ਾਰੀ ਦਿਖਾਉਣ ਵਾਲੇ ਵਿਦਿਆਰਥੀਆਂ ਨੂੰ ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਲੱਖਾਂ ਰੁਪਏ ਦੀਆਂ ਅਗਾਂਹ ਵਧੂ ਵਿਚਾਰਾਂ ਵਾਲੀਆਂ ਪੁਸਤਕਾਂ ਇਨਾਮ ਵਿੱਚ ਦਿਤੀਆਂ ਜਾਣਗੀਆਂ ਅਤੇ ਪੰਜਾਬ ਪੱਧਰ ਤੇ ਸਿਖਰਲੇ ਵਿਦਿਆਰਥੀਆਂ ਨੂੰ ਨਕਦ ਇਨਾਮ ਵੀ ਦਿੱਤੇ ਜਾਣਗੇ। ਵਿਦਿਆਰਥੀਆਂ ਕੋਲੋਂ ਪੁਸਤਕ ਦੀ ਲਾਗਤ ਕੀਮਤ ਚਾਲੀ ਰੁਪਏ ਹੀ ਲਈ ਜਾਵੇਗੀ।ਇਸ ਕਾਰਜ ਲਈ ਤਰਕਸ਼ੀਲ ਸੁਸਾਇਟੀ ਨੇ ਵਿਦਿਆਰਥੀਆਂ, ਉਨ੍ਹਾਂ ਦੇ ਮਾਪਿਆਂ, ਅਧਿਆਪਕਾਂ,ਸਕੂਲ ਮੁਖੀਆਂ, ਸਕੂਲ ਮੈਨੇਜਮੈਂਟ ਕਮੇਟੀਆਂ ਨੂੰ ਪਹਿਲਾਂ ਦੀ ਤਰ੍ਹਾਂ ਪੂਰਨ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ ।ਸਮਾਜ ਦੇ ਭਲੇ ਲਈ ਵਿਗਿਆਨਕ ਚੇਤਨਾ ਦਾ ਪ੍ਰਚਾਰ ਪ੍ਰਸਾਰ ਚਾਹੁੰਦੇ ਸਹਿਯੋਗੀਆਂ ਤੋਂ ਆਰਥਿਕ ਸਹਾਇਤਾ ਦੀ ਅਪੀਲ ਵੀ ਕੀਤੀ ਹੈ ਤਾਂ ਕਿ ਇਸ ਸਾਰਥਿਕ ਕਾਰਜ ਨੂੰ ਵੱਧ ਤੋਂ ਵੱਧ ਵਿਦਿਆਰਥੀਆਂ ਤੱਕ ਲਿਜਾ ਸਕੀਏ। ਸਾਨੂੰ ਸਾਰਿਆਂ ਨੂੰ ਰਲ ਮਿਲ ਕੇ ਭਰਮ ਮੁਕਤ ,ਲੁੱਟ -ਖਸੁੱਟ ਰਹਿਤ ,ਚੰਗੀਆਂ ਕਦਰਾਂ ਕੀਮਤਾਂ ਵਾਲੇ ਸਮਾਜ ਦੀ ਸਿਰਜਣਾ ਵਿਚ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ।

**ਮਾਸਟਰ ਪਰਮ ਵੇਦ**
**ਜੋਨ ਜਥੇਬੰਦਕ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**

# ਚਾਣਕਿਆ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀਆਂ ਨੇ ਵਿਦਿਆ ਦੇ ਖੇਤਰ ਵਿਚ ਮਾਰੀਆਂ ਮੱਲਾਂ

## ਮਾਪਿਆਂ ਤੇ ਸਕੂਲ ਦਾ ਨਾਮ ਕੀਤਾ ਰੋਸ਼ਨ

**ਜਲੰਧਰ (ਹਰਜਿੰਦਰ ਸਿੰਘ ਚੰਦੀ)-** ਜਲੰਧਰ ਜ਼ਿਲ੍ਹੇ ਦੇ ਚਾਣਕਿਆ ਇੰਟਰਨੈਸ਼ਨਲ ਸਕੂਲ ਸੀ ਬੀ ਐੱਸ ਈ ਤੋਂ ਬਾਰ੍ਹਵੀਂ ਕਲਾਸ ਤੱਕ ਮਾਨਤਾ ਪ੍ਰਾਪਤ ਪੂਰਨ ਪੁਰ ਜਲੰਧਰ ਦੇ ਵਿਦਿਆਰਥੀਆਂ ਨੇ ਸੀ ਬੀ ਐੱਸ ਈ ਵੱਲੋਂ ਐਲਾਨੇ ਗਏ ਬਾਰ੍ਹਵੀਂ ਅਤੇ ਦਸਵੀਂ ਕਲਾਸ ਦੇ ਨਤੀਜਿਆ ਵਿੱਚ ਇੱਕ ਵਾਰ ਫਿਰ ਆਪਣੀ ਪ੍ਰਤਿਭਾ, ਸਖ਼ਤ ਮਿਹਨਤ ਅਤੇ ਦ੍ਰਿੜ ਇਰਾਦੇ ਨਾਲ ਮਿਹਨਤ ਸਦਕਾ ਮਾਪਿਆ ਅਧਿਆਪਕਾ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ।ਹਮੇਸ਼ਾ ਦੀ ਤਰ੍ਹਾਂ ਇਸ ਸਾਲ ਵੀ ਨਤੀਜਾ 100% ਰਿਹਾ ਦਸਵੀਂ ਕਲਾਸ ਵਿੱਚ ਨੇਹਾ 97%, ਮੋਨਿਕਾ 96%, ਮੰਨਤ 92%, ਹਰਸਿਮਰਨ 92%, ਗੁਰਇਕਬਾਲ ਸਿੰਘ 86%, ਹਰਸ਼ ਠਾਕੁਰ 85%, ਪ੍ਰਭਪ੍ਰੀਤ ਅਤੇ ਹੈਰੀ ਜੱਸੀ 80% ਬਾਕੀ ਸਾਰੇ ਬੱਚਿਆਂ ਨੇ 70% ਤੋਂ ਵੱਧ ਅੰਕ ਪ੍ਰਾਪਤ ਕੀਤੇ ਹਨ ਬਾਰ੍ਹਵੀਂ ਕਲਾਸ ਵਿੱਚ ਮਨਦੀਪ ਕੌਰ 90%, ਮਨਯਾ ਸ਼ਰਮਾ 90%, ਯਸ਼ਿਕਾ 89%, ਕੁਲਵੰਸ਼ ਕੈਲਾ 86% ਬਾਕੀ ਸਾਰੇ ਬੱਚਿਆਂ ਨੇ 75% ਤੋਂ ਵੱਧ ਅੰਕ ਪ੍ਰਾਪਤ ਕਰਕੇ ਮਾਪਿਆ, ਅਧਿਆਪਕਾ ਅਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ। ਇਸ ਮੌਕੇ ਤੇ ਮਾਪਿਆ ਦੇ ਨਾਲ - ਨਾਲ ਅਧਿਆਪਕ ਦੀਪਿਕਾ ਸਲਾਰੀਆ, ਮਨਿੰਦਰ ਕੌਰ, ਰਿੱਕੀ ਸ਼ਰਮਾ, ਸੋਬੀਆ, ਅਮਰਿੰਦਰ ਕੌਰ, ਕ੍ਰਿਤਿਕਾ ਰੇਨੂੰ ਬਾਲਾ ਆਦਿ ਹਾਜ਼ਰ ਸਨ।



# ਅੱਖੀ ਵੇਖਿਆ ਆਸਟਰੇਲੀਆ ਦਾ ਖੇਡ ਸਿਸਟਮ, ਡਿਰੁਇਨ ਬੈਡਮਿੰਟਨ ਹਾਲ ਦਾ ਕੀਤਾ ਦੌਰਾ







**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਅਸੀਂ ਪੰਜਾਬ ਵਾਲੇ ਜਾਂ ਭਾਰਤ ਵਾਲੇ ਕਦੇ ਵੀ ਬਾਹਰਲੇ ਮੁਲਕਾਂ ਦੇ ਖੇਡ ਸਿਸਟਮ ਦਾ ਮੁਕਾਬਲਾ ਨਹੀਂ ਕਰ ਸਕਦੇ, ਖਾਸ ਕਰਕੇ ਆਸਟਰੇਲੀਆ ਭਾਰਤ ਦੇ ਮੁਕ-ਾਬਲੇ ਖੇਡਾਂ ਦੇ ਵਿੱਚ ਲੱਖਾਂ ਕੋਹਾਂ ਅੱਗੇ ਹੈ, ਇਸ ਕਰਕੇ ਅਸੀਂ ਆਮ ਹੀ ਇਹਨਾਂ ਨੂੰ ਵੱਖ-ਵੱਖ ਖੇਡ ਮੁਕਾਬਲਿਆਂ ਵਿੱਚ ਹਾਰ ਜਾਂਦੇ ਹਾਂ। ਪਰ ਹੈਰਾਨਗੀ ਇਸ ਗੱਲ ਤੇ ਹੁੰਦੀ ਹੈ ਕਿ ਜਦੋਂ ਅਸੀਂ ਇਹਨਾਂ ਨੂੰ ਹਾਕੀ ਕ੍ਰਿਕਟ ਜਾਂ ਹੋਰ ਖੇਡਾਂ ਵਿੱਚ ਹਰਾ ਦਿੰਦੇ ਹਾਂ, ਪਰ ਵਿਕਸਿਤ ਖੇਡ ਢਾਂਚੇ ਵਜੋਂ ਅਸੀਂ ਇਹਨਾਂ ਦੇ ਮੁਕਾਬਲੇ ਜ਼ੀਰੋ ਹਾਂ ।

ਅੱਜ ਮੈਂ ਆਪਣੇ ਸਾਥੀ ਬੁਤਾਲੇ ਵਾਲੇ ਨਵਦੀਪ ਬੱਲ ਦੇ ਨਾਲ ਡਿਰੁਇਨ ਬੈਡਮਿੰਟਨ ਸੈਂਟਰ ਦਾ ਦੌਰਾ ਕੀਤਾ ਜੋ ਕਿ ਇੱਕ ਪਿੰਡ ਦਾ ਬੈਡਮਿੰਟਨ ਖੇਡ ਸਟੇਡੀਅਮ ਹੈ ਪਰ ਉਸ ਬੈਡਮਿੰਟਨ ਹਾਲ ਦੀਆਂ ਸਹੂਲਤਾਂ ਦੇਖ ਕੇ ਇਹ ਲੱਗਿਆ ਕਿ ਸਾਡੇ ਅੰਤਰਾਸ਼ਟਰੀ ਪੱਧਰ ਤੇ ਖੇਡ ਸਟੇਡੀਅਮ ਵਿੱਚ ਵੀ ਉਸ ਤਰ੍ਹਾਂ ਦੀਆਂ ਸਹੂਲਤਾਂ ਨਹੀਂ ਹੁੰਦੀਆਂ ਹਨ।

1939 ਵਿੱਚ ਬਣੇ ਬੈਡਮਿੰਟਨ ਸੈਂਟਰ ਦੀ ਸਥਾਪਨਾ ਹੋਈ। ਇੱਥੋਂ ਦੀ ਨਾਮੀ ਅੰਤਰਰਾਸ਼ਟਰੀ ਪੱਧਰ ਦੀ ਬੈਡਮਿੰਟਨ ਪਲੇਅਰ ਕੈਰਨ ਦੀ ਮਾਂ ਦੇ ਨਾਮ ਦੇ ਉੱਤੇ ਇਹ ਬੈਡਮਿੰਟਨ ਸੈਂਟਰ ਦੀ ਸਥਾਪਨਾ ਹੋਈ। ਜਿਸ ਵਿੱਚ ਇੱਥੇ ਵੱਸਦੀਆਂ ਸਾਰੀਆਂ ਕੌਮਾਂ ਦੇ



ਬੱਚੇ ਬੈਡਮਿੰਟਨ ਦੀ ਟਰੇਨਿੰਗ ਲੈਂਦੇ ਹਨ। ਜਿਨਾਂ ਨੂੰ ਕੋਚ ਪੋਲ ਯੰਗ (ਫਉਲ੍ਹਨਗ ) ਟ੍ਰੇਨਿੰਗ ਦਿੰਦੇ ਹਨ। ਸਭ ਤੋਂ ਵਧੀਆ ਗੱਲ ਇਹ ਹੈ ਕਿ ਸਿੱਖ ਬੱਚੇ ਵੀ ਇਸ ਬੈਡਮਿੰਟਨ ਟ੍ਰੇਨਿੰਗ ਸੈਂਟਰ ਵਿੱਚ ਟ੍ਰੇਨਿੰਗ ਲੈ ਰਹੇ ਹਨ। ਜਿੰਨਾ ਵਿੱਚ ਅੰਮ੍ਰਿਤ ਸਿੰਘ ਬੱਲ ਅਤੇ ਨੌ ਨਿਹਾਲ ਸਿੰਘ ਬੱਲ ਵਧੀਆ ਟ੍ਰੇਨਿੰਗ ਲੈ ਰਹੇ ਹਨ। ਸਾਰੀਆਂ ਕੌਮਾਂ ਦੇ ਮਾਪੇ ਵੱਡੀ ਗਿਣਤੀ ਵਿੱਚ ਆਪਣੇ ਬੱਚਿਆਂ ਨੂੰ ਹੱਲਾਸ਼ੇਰੀ ਦੇਣ ਅਤੇ ਅੱਗੇ ਵਧਣ ਲਈ ਆਉਂਦੇ ਹਨ। ਦੂਸਰੇ ਪਾਸੇ ਸਾਡਾ ਭਾਰਤ ਸਾਡਾ ਪੰਜਾਬ



ਜਾਤਾਂ ਪਾਤਾਂ, ਧਰਮਾਂ, ਅਮੀਰ ਗ਼ਰੀਬਾਂ ਵਿੱਚ ਵੰਡਿਆ ਪਿਆ ਜਦਕਿ ਇਹ ਮੁਲਕ ਸਿਰਫ਼ ਤੇ ਸਿਰਫ਼ ਇਨਸਾਨੀਅਤ ਦੀ ਗੱਲ ਕਰਦਾ ਹੈ ਅਤੇ ਇਨਸਾਨੀਅਤ ਦੀ ਕਦਰ ਕਰਦਾ ਹੈ। ਖੇਡਾਂ ਦੇ ਦੁਨੀਆਂ ਵਿੱਚ ਹਰ ਇੱਕ ਨੂੰ ਬਰਾਬਰ ਸਮਝਣਾਂ ਉਥੇ ਖੇਡਾਂ ਦੇ ਖੇਤਰ ਵਿੱਚ ਸਿਰਫ ਖੇਡ ਹੁਨਰ ਦੀ ਹੀ ਵਕਾਲਤ ਹੁੰਦੀ ਹੈ, ਭਾਵੇਂ ਉਹ ਕਿਸੇ ਵੀ ਕੌਮ ਦਾ ਹੋਵੇ, ਕਿਸੇ ਵੀ ਦੇਸ਼ ਦਾ ਹੋਵੇ । ਗੁਰੂ ਭਲੀ ਕਰੇ । ਹਰ ਮੁਲਕ ਵਿੱਚ ਇਸ ਤਰ੍ਹਾਂ ਦੀ ਖੇਡ ਪ੍ਰਣਾਲੀ ਹੋਵੇ ਪਰ ਜੇ ਕਿਤੇ ਪੰਜਾਬ ਦੇ ਵਿੱਚ ਆਸਟਰੇਲੀਆ ਵਰਗਾ ਖੇਡ ਸਿਸਟਮ ਆ ਜਾਵੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਦੇ ਖਿਡਾਰੀ ਦੁਨੀਆਂ ਦੀਆਂ ਖੇਡਾਂ ਵਿੱਚ ਰਾਜ ਕਰਨਗੇ । ਪੰਜਾਬ ਦੀਆਂ ਖੇਡਾਂ ਅਤੇ ਪੰਜਾਬ ਦੇ ਖਿਡਾਰੀਆਂ ਦਾ ਰੱਬ ਰਾਖਾ !

# ਪਿੰਡਾਂ ਦੀ ਤਰੱਕੀ, ਆਧੁਨਿਕਤਾ ਅਤੇ ਵਾਤਾਵਰਣ ਸੁਰੱਖਿਆ ਵੱਲ ਲਗਾਤਾਰ ਯਤਨਸ਼ੀਲ:- ਡਿਪਟੀ ਸਪੀਕਰ

## ਚੱਕ ਫੁੱਲੂ ਨੂੰ ਮਿਲਿਆ ਸੋਲਰ ਸਿਸਟਮ, ਪਿੰਡ ਦੀ ਤਰੱਕੀ ਵੱਲ ਵਧਾਇਆ ਇਕ ਹੋਰ ਕਦਮ

**ਗੜ੍ਹਸ਼ੰਕਰ, (ਬਲਵੀਰ ਚੌਂਪੜਾ)** ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਅਤੇ ਗੜ੍ਹਸ਼ੰਕਰ ਹਲਕੇ ਦੇ ਵਿਧਾਇਕ ਸ. ਜੈ ਕ੍ਰਿਸ਼ਨ ਸਿੰਘ ਰੋੜੀ ਵੱਲੋਂ ਅੱਜ ਪਿੰਡ ਚੱਕ ਫੁੱਲੂ ਵਿੱਚ ਸੋਲਰ ਸਿਸਟਮ ਸੌਂਪ ਕੇ ਨਵੀਨ ਤਕਨੀਕਾਂ ਰਾਹੀਂ ਪਾਇਦਾਰ ਵਿਕਾਸ ਦੀ ਮੁਹਿੰਮ ਨੂੰ ਹੋਰ ਤੇਜ਼ੀ ਨਾਲ ਅੱਗੇ ਵਧਾਇਆ ਗਿਆ। ਇਹ ਪ੍ਰੋਜੈਕਟ ਨਾ ਸਿਰਫ਼ ਵਾਤਾਵਰਣ-ਅਨੁਕੂਲ ਊਰਜਾ ਉਤਪਾਦਨ ਵੱਲ ਇਕ ਵੱਡਾ ਕਦਮ ਹੈ, ਸਗੋਂ ਪਿੰਡ ਵਾਸੀਆਂ ਦੀਆਂ ਬੁਨਿਆਦੀ ਲੋੜਾਂ ਨੂੰ ਵੀ ਧਿਆਨ ਵਿਚ ਰੱਖ ਕੇ ਤਿਆਰ ਕੀਤਾ ਗਿਆ ਹੈ। ਇਸ ਸਮਾਰੋਹ ਵਿੱਚ ਪਿੰਡ ਚੱਕ ਫੁੱਲੂ ਦੀ ਸਰਪੰਚ ਕਮਲਜੀਤ ਕੌਰ, ਪੰਚ ਹਰਪ੍ਰੀਤ ਕੌਰ, ਪੰਚ ਦੇਵੀ ਕੌਰ, ਪੰਚ ਮਹਿੰਦਰ ਪਾਲ, ਪੰਚ ਸੁਖਵਿੰਦਰ, ਪੰਚ ਰੀਟਾ ਰਾਣੀ



ਅਤੇ ਲੰਬਰਦਾਰ ਪ੍ਰਦੀਪ ਲੋਈ ਹਾਜ਼ਰ ਰਹੇ। ਡਿਪਟੀ ਸਪੀਕਰ ਰੋੜੀ ਨੇ ਕਿਹਾ ਕਿ "ਪੰਜਾਬ ਸਰਕਾਰ ਪਿੰਡਾਂ ਦੀ ਤਰੱਕੀ, ਆਧੁਨਿਕਤਾ ਅਤੇ ਵਾਤਾਵਰਣ ਸੁਰੱਖਿਆ ਵੱਲ ਲਗਾਤਾਰ ਯਤਨਸ਼ੀਲ ਹੈ। ਸਾਡਾ ਲਕੜੀ ਜਾਂ ਡੀਜ਼ਲ ਉੱਤੇ ਨਿਰਭਰ ਹੋਣ ਦੀ ਥਾਂ ਸੂਰਜ ਦੀ ਊਰਜਾ ਵਰਗੀਆਂ ਨਵੀਨ ਊਰਜਾ ਸਰੋਤਾਂ ਵੱਲ ਵਧਣਾ ਆਉਣ ਵਾਲੇ ਭਵਿੱਖ ਲਈ ਅਤਿ ਜ਼ਰੂਰੀ ਹੈ।" ਪਿੰਡ ਵਾਸੀਆਂ ਨੇ ਵੀ ਡਿਪਟੀ ਸਪੀਕਰ ਦੇ ਇਸ ਕਦਮ ਦੀ ਭਰਪੂਰ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਅਜਿਹੇ ਯਤਨ ਪਿੰਡਾਂ ਨੂੰ ਨਵੀਨ ਯੁਗ ਨਾਲ ਜੋੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਡਿਪਟੀ ਸਪੀਕਰ ਨੇ ਕਿਹਾ ਕਿ ਇਹ ਉਪਰਾਲਾ ਨਿਰੰਤਰ ਤਬਦੀਲੀ ਦੀ ਪਹਿਚਾਨ ਹੈ ਅਤੇ ਲੋਕਾਂ ਦੇ ਜੀਵਨ ਪੱਧਰ ਨੂੰ ਸੁਧਾਰਨ ਵੱਲ ਸਰਕਾਰ ਦਾ ਇੱਕ ਵੱਡਾ ਕਦਮ ਹੈ।

# ਜੋ ਜਮੀਨ ਸਰਕਾਰੀ ਹੈ ਬੋ ਜਮੀਨ ਹਮਾਰੀ ਹੈ ਬਸਪਾ ਦਾ ਅੰਦੋਲਨ: ਕਰੀਮਪੁਰੀ

**ਜਲੰਧਰ ( ਚਰਨਜੀਤ ਸੱਲ੍ਹਾਂ )** ਬਹੁਜਨ ਸਮਾਜ ਪਾਰਟੀ ਪੰਜਾਬ ਵੱਲੋਂ ਪੰਜਾਬ ਸਰਕਾਰ ਵੱਲੋਂ ਸੰਗਰੂਰ ਵਿੱਚ ਜਮੀਨ ਪ੍ਰਾਪਤੀ ਲਈ ਲੜ ਰਹੇ ਬੇਜਮੀਨੇ ਲੋਕਾਂ ਤੇ ਸਰਕਾਰੀ ਜਬਰ ਦੀ ਨਿੰਦਾ ਸਰਕਾਰ ਵੱਲੋਂ ਕੀਤੇ ਗਿਰਫਤਾਰ ਬੇਗੁਨਾਹਾਂ ਨੂੰ ਤੁਰੰਤ ਰਿਹਾ ਕਰਨ ਲਈ ਕਿਹਾ ਅਤੇ ਸਰਕਾਰੀ ਜਮੀਨ ਤੁਰੰਤ ਬੇਜਮੀਨੇ ਲੋਕਾਂ ਚ ਵੰਡਣ ਲਈ ਸਰਕਾਰ ਆਪਣੀ ਸਮੰਤਵਾਦੀ ਅਤੇ ਜਾਬਰ ਮਾਨਸਿਕਤਾ ਛੱਡ ਕੇ ਅੱਗੇ ਵਧੇ, ਬਸਪਾ ਇਸ ਸਰਕਾਰੀ ਜਬਰ ਨੂੰ ਚੁੱਪ ਚਾਪ ਬਰਦਾਸ਼ਤ ਨਹੀਂ ਕਰੇਗੀ ਜਰੂਰਤ ਪੈਣ ਤੇ ਸੰਗਰੂਰ ਪਹੁੰਚ ਕੇ ਦਿੱਤਾ ਜਾ ਸਕਦਾ ਹੈ ਦਖਲ,ਪੰਜਾਬੀਆਂ ਨੂੰ ਬਸਪਾ



ਨਾਲ ਜੁੜਨ ਦਾ ਸੱਦਾ ਭੈਣ ਕੁਮਾਰੀ ਮਾਇਆਵਤੀ ਜੀ ਮੁੱਖ ਮੰਤਰੀ ਉੱਤਰ ਪ੍ਰਦੇਸ਼ ਜੀ ਨੇ ਜਿਸ ਤਰ੍ਹਾਂ ਬੇਜਮੀਨਿਆਂ ਨੂੰ ਲੱਖਾਂ ਏਕੜ ਜਮੀਨ ਮੁਫਤ ਦਿੱਤੀ ਸੀ ਪੰਜਾਬ ਚ ਵੀ ਬਸਪਾ ਸਰਕਾਰ ਬਣਾ ਕੇ ਬੇਜਮੀਨਿਆਂ ਨੂੰ ਸਰਕਾਰੀ ਜਮੀਨਾਂ ਵੰਡੀਆ ਜਾਣਗੀਆਂ ਇਹ ਗੱਲਬਾਤ ਕਰਦਿਆਂ ਸ ਅਵਤਾਰ ਸਿੰਘ ਕਰੀਮਪੁਰੀ ਪ੍ਰਧਾਨ ਬਸਪਾ ਪੰਜਾਬ ਕੀਤੀ ਹੈ ਉਨ੍ਹਾਂ ਆਪ ਸਰਕਾਰ ਦੀ ਮਜ਼ਦੂਰਾਂ ਨੂੰ ਗ੍ਰਿਫਤਾਰ ਕਰਕੇ ਬਹੁਤ ਮਾੜਾ ਕੰਮ ਕੀਤਾ ਹੈ ਉਨ੍ਹਾਂ ਸਮੂਹ ਪੰਜਾਬੀਆਂ ਨੂੰ ਇਸ ਵਾਰ ਬਸਪਾ ਦੀ ਸਰਕਾਰ ਬਣਾਉਣ ਦੀ ਅਪੀਲ ਕੀਤੀ ਹੈ।

# ਮਜ਼ਦੂਰ ਆਗੂਆਂ ਨੂੰ ਗਿਰਫ਼ਤਾਰ ਕਰਨ ਜਨਤਕ ਜਥੇਬੰਦੀਆਂ ਰੋਸ ਪ੍ਰਦਰਸ਼ਨ

### ਮੁੱਖ ਮੰਤਰੀ ਭਗਵੰਤ ਮਾਨ ਅਤੇ ਪੁਲਿਸ ਦਾ ਪੁਤਲਾ ਫੂਕਿਆ

**ਨੂਰਮਹਿਲ।** ਕਿਰਤੀ ਕਿਸਾਨ ਯੂਨੀਅਨ, ਪੇਂਡੂ ਮਜ਼ਦੂਰ ਯੂਨੀਅਨ,ਵੱਲੋਂ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ,ਸੂਬਾ ਆਗੂ ਹੰਸ ਰਾਜ ਪੱਬਵਾਂ, ਸੰਗਰੂਰ ਜ਼ਿਲ੍ਹੇ ਦੇ ਦਰਜਨਾਂ ਆਗੂ ਅਤੇ ਸੂਬਾ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਦੇ ਘਰ ਛਾਪੇਮਾਰੀ ਕਰਨ ਦੀ ਸਖ਼ਤ ਨਿਖੇਧੀ ਕਰਦਿਆਂ ਸ਼ਹਿਰ ਵਿਚ ਰੋਸ ਪ੍ਰਦਰਸ਼ਨ ਕਰਕੇ ਥਾਣਾ ਨੂਰਮਹਿਲ ਅੱਗੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪੁਲਿਸ ਪ੍ਰਸ਼ਾਸਨ ਦਾ ਪੁਤਲਾ ਸਾੜਿਆ ਗਿਆ ਅਤੇ ਆਗੂਆਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ। ਜਥੇਬੰਦੀਆਂ ਵੱਲੋਂ ਮਹਿਤਪੁਰ ਥਾਣੇ ਦੇ ਐਸ ਐਚ ਓ ਵਲੋਂ ਪੱਤਰਕਾਰ ਹਰਦੀਪ ਸਿੰਘ ਨਾਲ ਬਦਸਲੂਕੀ ਕਰਨ ਦੀ ਸਖ਼ਤ ਨਿਖੇਧੀ ਕੀਤੀ। ਇਸ ਮੌਕੇ ਸੰਬੋਧਨ ਕਰਦਿਆਂ ਆਗੂਆਂ ਕਿਹਾ ਕਿ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ 20 ਮਈ ਨੂੰ ਸੰਗਰੂਰ ਦੀ



ਜੀਂਦ ਰਿਆਸਤ ਦੀ 927 ਏਕੜ ਬੇਚਿਰਾਗ ਜ਼ਮੀਨ ਤੇ ਸੰਗਰੂਰ ਚੱਲੋ ਦਾ ਸੱਦਾ ਦਿੱਤਾ ਗਿਆ ਸੀ। ਪਰ ਪੰਜਾਬ ਦੀ ਆਪ ਸਰਕਾਰ ਵਲੋਂ ਤਾਨਾਸ਼ਾਹੀ ਤੇ ਡੰਡੇ ਦੇ ਜ਼ੋਰ ਹਰ ਸੰਘਰਸ਼ ਦਬਾਉਣ ਦੇ ਪੈਂਤੜੇ ਤਹਿਤ ਹੀ ਮਜ਼ਦੂਰ ਆਗੂਆਂ ਨੂੰ ਗਿਰਫ਼ਤਾਰ ਕੀਤਾ ਗਿਆ ਹੈ ਤਾਂ ਜੋ ਮਜ਼ਦੂਰਾਂ ਚ ਦਹਿਸ਼ਤ ਫੈਲਾਈ ਜਾਵੇ ਅਤੇ ਸੰਘਰਸ਼ ਨੂੰ ਤਾਰੋਪੀਡ ਕੀਤਾ ਜਾ ਸਕੇ। ਅੱਜ ਵੀ ਪੁਲਿਸ ਵਲੋਂ ਭਾਰੀ ਪੁਲਿਸ ਫੋਰਸ ਲਗਾ ਕੇ ਲੋਕਾਂ ਨੂੰ ਰੋਸ ਪ੍ਰਦਰਸ਼ਨ ਕਰਨ ਤੋਂ ਰੋਕਣਾ ਲੋਕਾਂ ਦੀ ਜਮਹੂਰੀ ਆਵਾਜ਼ ਨੂੰ ਕੁਚਲਿਆ ਗਿਆ ਹੈ।ਸਭਾ ਗਿਰਫ਼ਤਾਰ ਕੀਤੇ ਆਗੂਆਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕਰਦੀ ਹੈ। ਲੋਕਾਂ ਦੇ ਵਿਰੋਧ ਕਰਨ ਦੇ ਜਮਹੂਰੀ ਹੱਕਾਂ ਨੂੰ ਕੁਚਲਣਾ ਸੰਵਿਧਾਨਕ ਉਲੰਘਣਾ ਹੈ।ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਸੰਤੋਖ ਸਿੰਘ ਸੰਧੂ, ਸੁਰਜੀਤ ਸਮਰਾ, ਗੁਰਨਾਮ ਸਿੰਘ ਤੱਗੜ, ਸੁਰਿੰਦਰ ਕੰਦੋਲਾ, ਗੁਰਕੰਵਲ ਸਿੰਘ,ਪੇਂਡੂ ਮਜ਼ਦੂਰ ਯੂਨੀਅਨ ਦੇ ਕਸ਼ਮੀਰ ਮੰਡਿਆਲਾ, ਵਿਜੇ ਬਾਠ, ਇਸਤਰੀ ਜਾਗ੍ਰਿਤੀ ਮੰਚ ਦੇ ਅਨੀਤਾ ਸੰਧੂ, ਨੌਜਵਾਨ ਭਾਰਤ ਸਭਾ ਦੇ ਆਗੂ ਨਵਜੋਤ ਸਿਆਣੀਵਾਲ, ਬੀਕੇਯੂ ਦੋਆਬਾ ਰਛਪਾਲ ਸਿੰਘ,ਆਦਿ ਨੇ ਸੰਬੋਧਨ ਕੀਤਾ।

## ਦੀਵਾਨ ਟੋਡਰ ਮੱਲ ਪਬਲਿਕ ਸਕੂਲ ਕਾਕੜਾ ਵਿਖੇ ਦਸਵੀਂ ਅਤੇ ਬਾਰਵੀਂ ਜਮਾਤ ਵਿੱਚੋਂ ਚੰਗੀਆਂ ਪੁਜੀਸ਼ਨਾਂ ਹਾਸਿਲ ਕਰਨ ਵਾਲੇ ਵਿਦਿਆਰਥੀਆਂ ਤੇ ਮਾਪਿਆਂ ਦਾ ਕੀਤਾ ਗਿਆ ਸਨਮਾਨ

**ਸੰਦੀਪ ਸਿੰਘ ਬਖੋਪੀਰ (ਸਮਾਜ ਵੀਕਲੀ)** ਸਕੂਲ ਪ੍ਰਿੰਸੀਪਲ ਮੈਡਮ ਮਨਜੀਤ ਕੌਰ ਜੀ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਬੀਤੇ ਦਿਨ ਦੀਵਾਨ ਟੋਡਰ ਮੱਲ ਪਬਲਿਕ ਸਕੂਲ ਕਾਕੜਾ ਵਿਖੇ ਸਕੂਲ ਚੇਅਰਮੈਨ ਬਾਬਾ ਕਿਰਪਾਲ ਸਿੰਘ ਜੀ, ਮੈਨੇਜਰ ਸਰਦਾਰ ਸਰਬਜੀਤ ਸਿੰਘ, ਕਮਲਦੀਪ ਸਿੰਘ, ਪ੍ਰਬੰਧਕ ਡਰਾਇਕਟਰ ਡਾ: ਗੁਰਮੀਤ ਸਿੰਘ ਜੀ ਵੱਲੋਂ ਦਸਵੀਂ ਅਤੇ ਬਾਰਵੀਂ ਜਮਾਤ ਵਿੱਚੋਂ ਚੰਗੀਆਂ ਪੁਜੀਸ਼ਨਾਂ ਹਾਸਿਲ ਕਰਨ ਵਾਲੇ ਸਮੂਹ ਵਿਦਿਆਰਥੀਆਂ ਅਤੇ ਮਾਪਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ, ਸਕੂਲ ਦਾ ਦਸਵੀਂ ਅਤੇ ਬਾਰਵੀਂ ਦਾ ਨਤੀਜਾ 100 ਪ੍ਰਤੀਸ਼ਤ ਰਿਹਾ ਦਸਵੀਂ ਅਤੇ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਨੇ 96% ਅੰਕਾਂ ਤੋਂ ਉੱਪਰ ਅੰਕ ਪ੍ਰਾਪਤ ਕਰਕੇ ਪਹਿਲੀਆਂ ਪੁਜੀਸ਼ਨਾਂ ਹਾਸ਼ਿਲ ਕੀਤੀਆਂ ਸਕੂਲ ਦੇ ਲੱਗ ਭੱਗ 20 ਵਿਦਿਆਰਥੀਆਂ ਨੇ 80% ਤੋਂ ਉੱਪਰ ਅੰਕ ਲੈ ਕੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ।, ਸਨਮਾਨ ਹਾਸਿਲ ਕਰਨ ਵਾਲੇ





ਵਿਦਿਆਰਥੀ, ਸਿਮਰਨ ਬਾਵਾ ਦਸਵੀਂ ਜਮਾਤ (96.6%) ਸਹਿਜਦੀਪ ਕੌਰ ਬਾਰ੍ਹਵੀਂ (96%) ਅੰਕ, ਦਸਵੀਂ ਜਮਾਤ ਦੇ ਸਨਮਾਨਿਤ ਵਿਦਿਆਰਥੀ, ਸਿਮਰਨਦੀਪ ਕੌਰ,ਅਨੁਦੀਪ ਕੌਰ, ਚਹਿਨਪ੍ਰੀਤ ਕੌਰ, ਜੀਨੀਆ ਧਵਨ, ਮਨਵੀਰ ਕੌਰ, ਬਾਰ੍ਹਵੀਂ ਜਮਾਤ ਦੇ ਸਨਮਾਨਿਤ ਵਿਦਿਆਰਥੀ, ਤਰਨਪ੍ਰੀਤ ਕੌਰ, ਪ੍ਰਭਨੂਰ ਕੌਰ, ਜਗਮੀਤ ਸਿੰਘ,ਸਵਾਬਦੀਪ ਸਿੰਘ, ਅਰਮਾਨ ਬਾਵਾ ਆਦਿ, ਮੰਚ ਸੰਚਾਲਨ ਕਰਦਿਆਂ ਹੋਇਆਂ ਪੰਜਾਬੀ ਅਧਿਆਪਕ ਸੰਦੀਪ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਅਗਲੇਰੀ ਪੜ੍ਹਾਈ ਲਈ ਕੀਤੇ ਜਾਣ ਵਾਲੇ ਵਿਸ਼ੇਸ਼ ਕੋਰਸਾਂ ਬਾਰੇ ਵੀ ਜਾਣਕਾਰੀ ਦਿੱਤੀ ਗਈ। ਮੌਕੇ ਉੱਤੇ ਕੋਆਰਡੀਨੇਟਰ ਮੈਡਮ ਬਲਜੀਤ ਕੌਰ, ਹਰਗਿੰਦਰ ਕੌਰ, ਸਨਮੀਤ ਸਿੰਘ, ਹਰਵਿੰਦਰ ਸਿੰਘ, ਗੁਰਜੰਟ ਸਿੰਘ, ਅਵਤਾਰ ਸਿੰਘ ਮੌਜੂਦ ਸਨ।

## 78ਵੇਂ ਸਾਲਾਨਾ ਮਾਤਾ ਭੱਦਰਕਾਲੀ ਮੇਲੇ ਤੇ 23 ਮਈ ਨੂੰ ਹੋਵੇਗਾ ਵਿਸ਼ਾਲ ਕਵੀ ਦਰਬਾਰ

**ਕਪੂਰਥਲਾ (ਕੌੜਾ)-** ਮਾਤਾ ਭੱਦਰਕਾਲੀ ਮੇਲਾ ਕਮੇਟੀ ਵੱਲੋਂ ਮਿਤੀ 22 ਅਤੇ 23 ਮਈ ਨੂੰ ਕਰਵਾਏ ਜਾ ਰਹੇ 78ਵੇਂ ਸਲਾਨਾ ਮੇਲੇ ਤੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਇੱਕ ਵਿਸ਼ਾਲ ਕਵੀ ਦਰਬਾਰ ਮਿਤੀ 23 ਮਈ ਦਿਨ ਸ਼ੁੱਕਰਵਾਰ ਨੂੰ ਸਵੇਰੇ ਠੀਕ 8 ਵਜੇ ਤੋਂ ਲੈ ਕੇ 10 ਵਜੇ ਤੱਕ ਮੰਦਿਰ ਦੀ ਮੁੱਖ ਸਟੇਜ ਤੇ ਕਰਵਾਇਆ ਜਾ ਰਿਹਾ ਹੈ। ਮੇਲਾ ਕਮੇਟੀ ਦੇ ਅਹੁਦੇਦਾਰ ਸ੍ਰੀ ਪ੍ਰਸ਼ੋਤਮ ਪਾਸੀ ਪ੍ਰਧਾਨ, ਰਾਧੇ ਸ਼ਾਮ ਸ਼ਰਮਾ ਚੇਅਰਮੈਨ, ਵਿਨੇ ਆਨੰਦ ਜਨ ਸਕੱਤਰ, ਭੁਪਿੰਦਰ ਆਨੰਦ ਉੱਪ ਚੇਅਰਮੈਨ, ਵਿਕੀ ਬਹਿਲ ਵਾਈਸ ਪ੍ਰਧਾਨ, ਮਨੂੰ ਪ੍ਰਾਸ਼ਰ ਕੈਸ਼ੀਅਰ, ਸ੍ਰੀ ਰਾਹੁਲ ਆਨੰਦ ਅਤੇ ਸਮੁੱਚੇ ਕਮੇਟੀ ਮੈਂਬਰਾਂ ਵੱਲੋਂ ਰਾਸ਼ਟਰੀ ਕਵੀ ਕੰਵਰ ਇਕਬਾਲ ਸਿੰਘ ਜੀ ਨੂੰ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਕਵੀ ਦਰਬਾਰ ਦਾ ਸੰਚਾਲਨ ਕਰਨ ਦੀ ਜ਼ਿੰਮੇਵਾਰੀ ਲਾਈ ਹੈ। ਜ਼ਿਕਰਯੋਗ ਹੈ ਕਿ ਪਹਿਲਾਂ ਇਹ ਮੇਲਾ ਪਾਕਿਸਤਾਨ ਵਿੱਚ ਲਗਦਾ ਸੀ, ਪਰ ਭਾਰਤ-ਪਾਕ ਵੰਡ ਤੋਂ ਬਾਅਦ ਹੁਣ ਹਿੰਦੁਸਤਾਨ ਵਿੱਚ ਪੈਂਦੇ ਸ਼ਹਿਰ ਕਪੂਰਥਲਾ ਦੀ ਵੱਖੀ ਵਿਚ ਵਸਦੇ ਪਿੰਡ ਸ਼ੇਖੂਪੁਰ



ਵਿੱਚ ਹਰ ਸਾਲ ਇਸ ਵਿਸ਼ਾਲ ਮੇਲੇ ਦਾ ਆਯੋਜਨ ਕੀਤਾ ਜਾਂਦਾ ਹੈ । ਇਸ ਮੇਲੇ ਵਿੱਚ ਹਿੰਦੋਸਤਾਨ ਦੇ ਨਾਮਵਰ ਕਵੀਆਂ ਵਿੱਚ ਸ਼ਾਮਿਲ ਸ਼ਿਵ ਕੁਮਾਰ ਬਟਾਲਵੀ, ਕਰਤਾਰ ਸਿੰਘ ਬਲੱਗਣ, ਪ੍ਰਿੰਸੀਪਲ ਚਮਨ ਗੋਬਿੰਦਪੁਰੀ, ਪੰਜਾਬ ਦੇ ਰਫ਼ੀ ਵਜੋਂ ਜਾਣੇ ਜਾਂਦੇ ਰਸ਼ਪਾਲ ਸਿੰਘ ਪਾਲ, ਡਾ. ਹਰੀ ਸਿੰਘ ਜਾਚਕ, ਇੰਜੀ. ਕਰਮਜੀਤ ਸਿੰਘ ਨੂਰ, ਚੈਨ ਸਿੰਘ ਚੱਕਰਵਰਤੀ, ਸੁਜਾਨ ਸਿੰਘ ਸੁਜਾਨ, ਆਸ਼ੀ ਈਸ਼ਪੁਰੀ ਆਦਿ ਸਮੇਂ-ਸਮੇਂ ਕਰਵਾਏ ਜਾਂਦੇ ਰਹੇ ਕਵੀ-ਦਰਬਾਰਾਂ ਵਿੱਚ ਹਾਜ਼ਰੀ ਲਗਵਾਉਂਦੇ ਰਹੇ ਹਨ । ਕਪੂਰਥਲਾ ਸ਼ਹਿਰ ਦੇ ਵਸਨੀਕ ਅਤੇ ਰਾਸ਼ਟਰੀ ਕਵੀ ਵਜੋਂ ਮਾਨਤਾ ਪ੍ਰਾਪਤ ਕੌਮਾਂਤਰੀ ਸ਼ਾਇਰ ਕੰਵਰ ਇਕਬਾਲ ਸਿੰਘ ਜੋ ਕਿ ਲਗਾਤਾਰ ਪਿਛਲੇ 19 ਵੀਹ ਸਾਲਾਂ ਤੋਂ ਇਸ ਮੇਲੇ ਦਾ ਸੰਚਾਲਨ ਕਰਦੇ ਆ ਰਹੇ ਹਨ ।ਮੇਲਾ ਕਮੇਟੀ ਵੱਲੋਂ ਦਿੱਤੇ ਗਏ ਤਰਹ ਮਿਸਰੇ "ਸਾਡੇ ਦੇਸ਼ ਤੇ ਬਣੀ ਹੈ ਭੀੜ ਭਾਰੀ, ਦੁਸ਼ਮਣ ਦੇਸ਼ ਦੇ ਮਾਰ ਮੁਕਾ ਦਾਤੀ" ਅਤੇ "ਕਸ਼ਮੀਰ ਦੇ ਚੱਪੇ-ਚੱਪੇ ਤੋਂ ਅਸੀਂ ਜਿੰਦ-ਜਵਾਨੀ ਵਾਰਾਂਗੇ" ਅਨੁਸਾਰ ਇਸ ਵਾਰ ਪੰਜਾਬ ਦੇ ਨਾਮਵਰ 10 ਕਵੀਆਂ ਵਿੱਚ ਸ਼ਾਮਲ ਸ਼ਾਇਰ ਕੰਵਰ ਇਕਬਾਲ ਸਿੰਘ, ਲਾਲੀ ਕਰਤਾਰਪੁਰੀ ਲੱਕੀ ਮਲ੍ਹੀਆਂ ਵਾਲਾ, ਸੁਰਜੀਤ ਸਾਜਨ, ਰੂਪ ਦਬੁਰਜੀ, ਰਜਨੀ ਵਾਲੀਆ, ਆਸ਼ੂ ਕੁਮਰਾ, ਮੁਖ਼ਤਾਰ ਸਿੰਘ ਸਹੋਤਾ, ਗੁਰਦੀਪ ਗਿੱਲ, ਤੇਜਬੀਰ ਸਿੰਘ ਆਦਿ ਕਵੀ ਮਹਾਂਮਾਈ ਦੇ ਦਰਬਾਰ ਵਿਚ ਆਪੋ-ਆਪਣੀ ਸ਼ਾਇਰੀ ਨਾਲ ਮਹਾਂਮਾਈ ਦਾ ਗੁਣਗਾਨ ਕਰ ਕੇ ਸੰਗਤਾਂ ਨੂੰ ਮੰਤਰ-ਮੁਗਧ ਕਰਨਗੇ ॥ਵਿਸ਼ੇਸ਼ ਤੌਰ ਤੇ ਇਹ ਵੀ ਵਰਨਣਯੋਗ ਹੈ ਕਿ ਹਰ ਸਾਲ ਦੇਸ਼ ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿੱਚ ਆਈਆਂ ਸੰਗਤਾਂ ਇਸ ਪਾਵਨ ਦਰਬਾਰ ਵਿੱਚ ਨਤਮਸਤਕ ਹੋ ਕੇ ਆਪਣੀਆਂ ਝੋਲੀਆਂ ਭਰਦੀਆਂ ਨੇ।

## ਦੋਆਬੇ ਦੀਆਂ ਨਹਿਰਾਂ 'ਚ ਪਾਣੀ ਛੱਡਣ ਲਈ ਕੀਤੀ ਜਾਂਦੀ ਹੈ ਦੇਰੀ-ਭਾਰਦਵਾਜ, ਗਰੇਵਾਲ ਤੇ ਬਲਕਾਰ ਸਿੰਘ

**ਫਿਲੌਰ/ਅੱਪਰਾ (ਦੀਪਾ)**-ਅੱਜ ਅੱਪਰਾ ਵਿਖੇ ਗੱਲਬਾਤ ਕਰਦਿਆਂ ਸਮਾਜ ਸੇਵਕ ਵਿਨੋਦ ਭਾਰਦਵਾਜ ਮੋਰੋਂ, ਗੁਰਮੀਤ ਸਿੰਘ ਗਰੇਵਾਲ ਜਨਰਲ ਸਕੱਤਰ ਭਾਕਿਯੂ ਜਿਲਾ ਲੁਧਿਆਣਾ ਤੇ ਸਾਬਕਾ ਸਰਪੰਚ ਬਲਕਾਰ ਸਿੰਘ ਨਿੱਝਰ ਨੇ ਕਿਹਾ ਕਿ ਹਰ ਵਾਰ ਦੋਆਬਾ ਇਲਾਕੇ ਦੀਆਂ ਨਹਿਰਾਂ 'ਚ ਪਾਣੀ ਛੱਡਣ ਲਈ ਨਾਇਨਸਾਫੀ ਤੇ ਦੇਰੀ ਕੀਤੀ ਜਾਂਦੀ ਹੈ । ਉਨਾਂ ਕਿਹਾ ਪੰਜਾਬ ਸੂਬਾ ਫ਼ਸਲਾਂ ਦੀ ਸਿੰਚਾਈ ਲਈ ਨਹਿਰੀ ਪਾਣੀ 'ਤੇ ਬਹੁਤ ਨਿਰਭਰ ਹੈ । ਇਸ ਲਈ ਕਿਸਾਨੀ







ਵਰਗ ਦੀਆਂ ਮੁਸ਼ਕਿਲਾਂ ਨੂੰ ਦੇਦੇ ਹੋਏ ਜਲਦ ਤੋਂ ਜਲਦ ਪਾਣੀ ਛੱਡਣ ਚਾਹੀਦਾ ਹੈ । ਇਸ ਨਾਲ ਇੱਕ ਤਾਂ ਧਰਤੀ ਦੇ ਹੇਠਲੇ ਪੀਣ ਯੋਗ ਪਾਣੀ ਦਾ ਬਚਾਅ ਹੋਵ-ੇਗਾ, ਉਪਰੋਂ ਅਸੀਂ ਕੁਦਰਤੀ ਵਸੀਲਿਆਂ ਨੂੰ ਵਰਤਣ ਦੇ ਯੋਗ ਹੋ ਜਾਵਾਂਗੇ ।

# ਪੰਜਾਬ ਸਰਕਾਰ ਨੇ ਡੋਰ ਸਟੈਪ ਡਿਲੀਵਰੀ ਸੇਵਾ ਫੀਸ ਘਟਾ ਦਿੱਤੀ - ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਸਰਕਾਰ ਨੇ ਡੋਰ ਸਟੈਪ ਡਿਲੀਵਰੀ ਫੀਸ 120 ਰੁਪਏ ਤੋਂ ਘਟਾ ਕੇ 50 ਰੁਪਏ ਕਰ ਦਿੱਤੀ ਹੈ ਜਿਸ ਨਾਲ ਨਾਗਰਿਕ ਕੇਂਦਰਿਤ ਸੇਵਾਵਾਂ ਸਾਰੇ ਨਾਗਰਿਕਾਂ ਲਈ ਵਧੇਰੇ ਪਹੁੰਚਯੋਗ ਹੋ ਗਈਆਂ ਹਨ। ਡਿਪਟੀ ਕਮਿਸ਼ਨਰ ਸ੍ਰੀ ਅੰਕੁਰਜੀਤ ਸਿੰਘ ਨੇ ਇਹ ਜਾਣਕਾਰੀ ਦਿੱਤੀ ਕਿ ਇਸ ਕਦਮ ਦੇ ਤਹਿਤ, ਸੂਬੇ ਦੇ ਵਸਨੀਕ ਹੈਲਪਲਾਈਨ ਨੰਬਰ-1076 'ਤੇ ਕਾਲ ਕਰਕੇ ਘਰ ਬੈਠੇ 406 ਸੇਵਾਵਾਂ ਦਾ ਲਾਭ ਲੈ ਸਕਦੇ ਹਨ। ਡਿਲੀਵਰੀ ਫੀਸਾਂ ਵਿੱਚ ਕਟੌਤੀ ਕਰਨ ਦਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਕਮਜ਼ੋਰ ਵਿੱਤੀ ਸਥਿਤੀਆਂ ਵਾਲੇ ਨਾਗਰਿਕ ਵੀ ਇਨ੍ਹਾਂ ਸੇਵਾਵਾਂ ਦਾ ਲਾਭ ਲੈ ਸਕਣ।

ਉਨ੍ਹਾਂ ਕਿਹਾ ਕਿ "ਭਗਵੰਤ ਮਾਨ ਸਰਕਾਰ, ਤੁਹਾਡੀ ਡੋਰ ਸਟੈਪ" ਯੋਜਨਾ ਦੇ ਤਹਿਤ ਡੋਰ ਸਟੈਪ ਡਿਲੀਵਰੀ ਸ਼ੁਰੂ ਕੀਤੀ ਗਈ ਹੈ ਜੋ ਨਿਰਵਿਘਨ ਸਰਕਾਰ-ਤੋਂ-ਨਾਗਰਿਕ ਸੇਵਾਵਾਂ ਨੂੰ ਸਮਰੱਥ ਬਣਾਉਂਦੀ ਹੈ। ਇਹ ਪਹਿਲ ਸੂਬੇ ਦੇ ਨਾਗਰਿਕਾਂ ਨੂੰ ਉਨ੍ਹਾਂ ਦੀਆਂ ਜਾਇਦਾਦਾਂ 'ਤੇ ਮਹੱਤਵਪੂਰਨ ਘ2ਛ ਸੇਵਾਵਾਂ ਪ੍ਰਦਾਨ ਕਰਦੀ ਹੈ- ਜਿਵੇਂ ਕਿ ਜਨਮ ਅਤੇ ਮੌਤ ਸਰਟੀਫਿਕੇਟ, ਆਮਦਨ, ਰਿਹਾਇਸ਼, ਜਾਤੀ, ਪੈਨਸ਼ਨ, ਬਿਜਲੀ ਬਿੱਲ ਭੁਗਤਾਨ ਅਤੇ ਹੋਰ ਸੇਵਾਵਾਂ। ਸੂਬੇ ਦੇ ਨਾਗਰਿਕ ਇੱਕ ਸਮਰਪਿਤ ਹੈਲਪਲਾਈਨ ਨੰਬਰ 1076 'ਤੇ ਕਾਲ ਕਰਕੇ ਇਨ੍ਹਾਂ ਸੇਵਾਵਾਂ ਦਾ ਲਾਭ ਲੈ ਸਕਦੇ ਹਨ। ਇੱਕ ਨਾਗਰਿਕ ਇੱਕ ਸਮੇਂ ਵਿੱਚ ਵੱਧ ਤੋਂ ਵੱਧ ਚਾਰ ਸੇਵਾਵਾਂ ਪ੍ਰਾਪਤ ਕਰ ਸਕਦਾ ਹੈ। ਉਨ੍ਹਾਂ ਦੱਸਿਆ ਕਿ ਸਿਵਲ ਸੇਵਾਵਾਂ ਵਿੱਚ ਕੋਈ ਵੀ ਪੈਦਾ ਨਹੀਂ ਹੋਇਆ। ਏ. ਸੀ. ਸਰਟੀਫਿਕੇਟ, ਜਨਮ ਸਰਟੀਫਿਕੇਟ ਵਿੱਚ ਨਾਮ ਜੋੜਨਾ, ਮੌਤ ਸਰਟੀਫਿਕੇਟ ਦੀਆਂ ਕਾਪੀਆਂ, ਜਨਮ ਸਰਟੀਫਿਕੇਟ ਵਿੱਚ ਐਂਟਰੀ ਵਿੱਚ ਸੋਧ, ਮੌਤ/ਐਨ. ਏ. ਸੀ. ਸਰਟੀਫਿਕੇਟ ਜਾਰੀ ਕਰਨਾ, ਜਨਮ ਸਰਟੀਫਿਕੇਟ ਦੀਆਂ ਕਈ ਕਾਪੀਆਂ, ਜਨਮ ਸਰਟੀਫਿਕੇਟ ਦੀ ਦੇਰੀ ਨਾਲ ਰਜਿਸਟ੍ਰੇਸ਼ਨ, ਮੌਤ ਸਰਟੀਫਿਕੇਟ ਦੀ ਦੇਰ ਨਾਲ ਰਜਿਸਟ੍ਰੇਸ਼ਨ, ਮੌਤ ਸਰਟੀਫਿਕੇਟ (ਸਿਹਤ), ਆਮਦਨ



ਸਰਟੀਫਿਕੇਟ, ਅੱਧੀਆ ਸਟੇਟਮੈਂਟ ਦੀ ਤਸਦੀਕ, ਜਾਇਦ-ਾਦ ਦੇ ਰਿਕਾਰਡ ਦੀ ਤਸਦੀਕ, ਰਜਿਸਟਰਡ ਅਤੇ ਗੈਰ-ਰਜਿਸਟਰਡ ਦਸਤਾਵੇਜ਼ਾਂ ਦੀਆਂ ਪ੍ਰਮਾਣਿਕ ਕਾਪੀਆਂ (ਕਾਪੀਆਂ ਪ੍ਰਦਾਨ ਕਰਨਾ), ਫਰਦ ਦੀ ਤਿਆਰੀ, ਦਸਤਾਵੇਜ਼ਾਂ ਦੇ ਕਾਊਂਟਰ ਸਾਈਨ, ਬੈਕਯਾਰਡ ਏਰੀਆ ਸਰਟੀਫਿਕੇਟ, ਦਸਤਾਵੇਜ਼ਾਂ ਦੇ ਕਾਊਂਟਰ ਸਾਈਨ, ਕਾਊਂਟਰ ਸਾਈਨ, ਲਾਭਪਾਤਰੀਆਂ ਦੇ ਬੱਚਿਆਂ ਨੂੰ ਸਕਾਲਰਸ਼ਿਪ, ਉਸਾਰੀ ਕਾਮੇ ਦੀ ਰਜਿਸਟ੍ਰੇਸ਼ਨ ਅਤੇ ਉਸਾਰੀ ਕਾਮੇ (ਮਜ਼ਦੂਰ) ਰਜਿਸਟ੍ਰੇਸ਼ਨ ਦਾ ਨਵੀਨੀਕਰਨ, ਰਿਹਾਇਸ਼ੀ ਸਰਟੀਫਿਕੇਟ, ਅਨੁਸੂਚਿਤ ਜਾਤੀ ਸਰਟੀਫਿਕੇਟ ਅਤੇ ਬੀ. ਸੀ. ਸਰਟੀਫਿਕੇਟ, ਜਨਰਲ ਜਾਤੀ ਸਰਟੀਫਿਕੇਟ, ਹੋਰ ਪਿਛੜੇ ਵਰਗਾਂ (ਓ. ਬੀ. ਸੀ.) ਨਾਲ ਸਬੰਧਤ ਸਰਟੀਫਿਕੇਟ, ਆਮਦਨ ਅਤੇ ਸੰਪਤੀ ਦਾ ਸਰਟੀਫਿਕੇਟ (ਈ. ਡਬਲਯੂ. ਸ.) ਅਤੇ ਸ਼ਗਨ ਸਕੀਮ (ਕੇਸ ਦੀ ਪ੍ਰਵਾਨਗੀ ਲਈ) (ਸਮਾਜਿਕ ਨਿਆਂ), ਬਜ਼ੁਰਗਾਂ ਨੂੰ ਪੈਨਸ਼ਨ, ਵਿਧਵਾਵਾਂ/ਬੇਸਹਾਰਾ ਨਾਗਰਿਕਾਂ ਨੂੰ ਪੈਨਸ਼ਨ, ਅਪਾਹਜ ਨਾਗਰਿਕਾਂ ਨੂੰ ਪੈਨਸ਼ਨ, ਅਪੰਗਤਾ ਸਰਟੀਫਿਕੇਟ ੀ। ਡੀ. .. ਡੀ. ਕਾਰਡ ਲਈ ਅਰਜ਼ੀ ਅਤੇ ਨਿਰਭਰ ਬੱਚਿਆਂ ਜਿਵੇਂ ਕਿ ਪੈਨਸ਼ਨ (ਸਮਾਜਿਕ ਸੁਰੱਖਿਆ), ਬਿਜਲੀ ਬਿੱਲ ਭੁਗਤਾਨ (ਬਿਜਲੀ), ਵਿਆਹ ਰਜਿਸਟ੍ਰੇਸ਼ਨ (ਲਾਜ਼ਮੀ), ਵਿਆਹ (ਖੁਸ਼ੀ) ਰਜਿਸਟ੍ਰੇਸ਼ਨ ਅਤੇ ਪੇਂਡੂ ਖੇਤਰ ਸਰਟੀਫਿਕੇਟ (ਪੇਂਡੂ) ਘਰ ਬੈਠੇ ਆਦਿ ਲਈ ਪੈਨਸ਼ਨ (ਸਮਾਜਿਕ ਸੁਰੱਖਿਆ) ਆਦਿ ਵਰਗੀਆਂ ਸੇਵਾਵਾਂ ਲਈ ਮੁਲਾਕਾਤ ਤਹਿ ਕਰਨ ਲਈ ਟੋਲ ਫ੍ਰੀ ਨੰਬਰ 1076 'ਤੇ ਕਾਲ ਕਰੋ। ਸੇਵਾਵਾਂ ਦਾ ਲਾਭ ਉਠਾ ਸਕਦੇ ਹਨ।

# ਸਕੂਲ ਵਾਹਨਾਂ ਦੀ ਚੈਕਿੰਗ, ਦੋ ਸਕੂਲ ਬੱਸਾਂ ਦੇ ਚਲਾਨ ਕੱਟੇ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸੇਫ਼ ਸਕੂਲ ਵਾਹਨ ਨੀਤੀ ਨੂੰ ਸਖ਼ਤੀ ਨਾਲ ਲਾਗੂ ਕਰਨ ਲਈ ਚੁੱਕੇ ਜਾ ਰਹੇ ਕਦਮਾਂ ਤਹਿਤ ਅੱਜ ਜ਼ਿਲ੍ਹੇ ਵਿੱਚ ਸਕੂਲ ਵਾਹਨਾਂ ਦੀ ਜਾਂਚ ਕੀਤੀ ਗਈ, ਜਿਸ ਦੌਰਾਨ 12 ਸਕੂਲਾਂ ਦੀਆਂ 20 ਸਕੂਲ ਬੱਸਾਂ ਦੇ ਦਸਤਾਵੇਜ਼ਾਂ ਦੀ ਜਾਂਚ ਕੀਤੀ ਗਈ ਅਤੇ ਨੀਤੀ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਵਾਲੇ ਦੋ ਸਕੂਲ ਬੱਸਾਂ ਕੀਤੀਆਂ ਜਾਣ। ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਦੇ ਨਿਰਦੇਸ਼ਾਂ 'ਤੇ ਬਲਾਚੌਰ ਦੇ ਖੇਤਰੀ ਟਰਾਂਸਪੋਰਟ ਅਫ਼ਸਰ ਅਤੇ ਐੱਸ. ਡੀ. ਐਮ. ਇਹ ਚੈਕਿੰਗ ਇੰਦਰ ਪਾਲ ਦੀ ਅਗਵਾਈ ਹੇਠ ਕੀਤੀ ਗਈ। ਚੈਕਿੰਗ ਬਾਰੇ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਕੰਚਨ ਅਰੋੜਾ ਨੇ ਦੱਸਿਆ ਕਿ ਇਸ ਸਬੰਧਤ ਬਣਾਈ ਗਈ ਟੀਮ ਨੇ ਸਕੂਲ ਬੱਸਾਂ ਦੇ ਡਰਾਈਵਰਾਂ ਨੂੰ ਸੇਫ਼ ਸਕੂਲ ਵਾਹਨ ਨੀਤੀ ਦੀਆਂ ਸ਼ਰਤਾਂ ਸਕੂਲ ਬੱਸ ਵਾਂਗ ਹੀ ਦੱਸੀਆਂ ਸਨ। ਸੀ. ਟੀ. ਵੀ. ਕੈਮਰੇ, ਖਿੜਕੀਆਂ 'ਤੇ ਲੋਹੇ ਦੀ ਗਰਿੱਲ, ਫਸਟ ਏਡ ਬਾਕਸ, ਮਹਿਲਾ ਕੰਡਕਟਰ, ਬੱਸ ਡਰਾਈਵਰ ਦਾ ਸਕੂਲ ਵਰਦੀ ਵਿੱਚ ਹੋਣਾ, ਸੀਟ ਬੈਲਟਾਂ, ਸਮਰੱਥਾ ਤੋਂ ਵੱਧ ਬੱਚਿਆਂ ਨੂੰ ਸਕੂਲ ਬੱਸ 'ਤੇ ਨਾ ਬੈਠਣ ਦੇਣਾ, ਬਾਰੇ ਜਾਗਰੂਕਤਾ। ਟੀਮ ਨੇ ਸਪੱਸ਼ਟ ਕੀਤਾ ਕਿ ਨੀਤੀ ਦੀਆਂ ਸ਼ਰਤਾਂ ਪੂਰੀਆਂ ਨਾ



ਕਰਨ ਵਾਲੀਆਂ ਸਕੂਲ ਬੱਸਾਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਕੰਚਨ ਅਰੋੜਾ ਨੇ ਕਿਹਾ ਕਿ ਜ਼ਿਲ੍ਹਾ ਬਾਲ ਸੁਰੱਖਿਆ ਦਫ਼ਤਰ ਸਮੇਂ-ਸਮੇਂ 'ਤੇ ਸਕੂਲ ਪ੍ਰਿੰਸੀਪਲਾਂ ਅਤੇ ਸਕੂਲ ਵਾਹਨਾਂ ਦੇ ਡਰਾਈਵਰਾਂ ਨੂੰ ਸੇਫ਼ ਸਕੂਲ ਵਾਹਨ ਨੀਤੀ ਦੇ ਨਿਯਮਾਂ ਅਤੇ ਸ਼ਰਤਾਂ ਬਾਰੇ ਸੂਚਿਤ ਕਰਦਾ ਹੈ। ਉਨ੍ਹਾਂ ਕਿਹਾ ਕਿ ਸਕੂਲ ਬੱਸਾਂ ਦੇ ਡਰਾਈਵਰਾਂ ਕੋਲ ਵੀ ਪੂਰੇ ਵਾਹਨ ਕਾਗਜ਼ਾਤ ਹੋਣੇ ਚਾਹੀਦੇ ਹਨ। ਜ਼ਿਲ੍ਹਾ ਟਰਾਂਸਪੋਰਟ ਅਫ਼ਸਰ ਇੰਦਰਪਾਲ ਸਿੰਘ ਨੇ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਸਕੂਲ ਬੱਸਾਂ ਵਿੱਚ ਭੇਜਣ ਤੋਂ ਪਹਿਲਾਂ ਉਨ੍ਹਾਂ ਦੀ ਜਾਂਚ ਕਰਨ। ਇਸ ਨੇ ਸਕੂਲ ਬੱਸ ਡਰਾਈਵਰਾਂ ਨੂੰ ਚੇਤਾਵਨੀ ਵੀ ਦਿੱਤੀ ਕਿ ਸਕੂਲ ਬੱਸਾਂ ਨੂੰ ਰੋਕਣ ਜਾਂ ਸੇਫ਼ ਸਕੂਲ ਵਾਹਨ ਨੀਤੀ ਦੀ ਉਲੰਘਣਾ ਲਈ ਫੀਸਾਂ ਵਿੱਚ ਕਟੌਤੀ ਕਰਨ ਲਈ ਕੋਈ ਕਮੀ ਨਹੀਂ ਵਰਤੀ ਜਾਵੇਗੀ। ਉਨ੍ਹਾਂ ਕਿਹਾ ਕਿ ਡਰਾਈਵਰਾਂ ਨੂੰ ਸੜਕ 3 'ਤੇ ਬੱਸਾਂ ਲਿਜਾਣ ਤੋਂ ਪਹਿਲਾਂ ਆਪਣੇ ਅਤੇ ਆਪਣੀਆਂ ਬੱਸਾਂ ਦੇ ਦਸਤਾਵੇਜ਼ ਪੂਰੇ ਕਰਨੇ ਚਾਹੀਦੇ ਹਨ। ਇਸ ਮੌਕੇ ਸਿੱਖਿਆ ਵਿਭਾਗ ਤੋਂ ਪ੍ਰਿੰਸੀਪਲ ਸੁਰਿੰਦਰਪਾਲ ਅਗਨੀਹੋਤਰੀ, ਏ. ਸ. ਆਈ. ਸੁਭਾਸ਼ ਚੰਦਰ, ਰਵਿੰਦਰ ਕੌਰ ਅਤੇ ਬਾਲ ਸੁਰੱਖਿਆ ਯੂਨਿਟ ਤੋਂ ਪੀ. ਓ. ਰਾਜਿੰਦਰ ਕੌਰ ਅਤੇ ਸੰਤੋਸ਼ ਡਾਟਾ ਐਂਟਰੀ ਆਪਰੇਟਰ ਵੀ ਮੌਜੂਦ ਸਨ।

# ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀ ਨੈਤਿਕ ਸਿੱਖਿਆ ਪ੍ਰੀਖਿਆ ਦੇ ਟੌਪਰ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਦੇ ਵਿਦਿਆਰਥੀਆਂ ਦਾ ਸਨਮਾਨ

**ਬੰਗਾ (ਚਰਨਜੀਤ ਸੱਲ੍ਹਾਂ)** ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਰੂਪਨਗਰ-ਸ਼ਹੀਦ ਭਗਤ ਸਿੰਘ ਨਗਰ ਜ਼ੋਨ ਵੱਲੋਂ ਵਿਦਿਆਰਥੀਆਂ ਦੀ ਸਰਵਪੱਖੀ ਸਖਸ਼ੀਅਤ ਉਸਾਰੀ ਨੂੰ ਸਮਰਪਿਤ ਨੈਤਿਕ ਸਿੱਖਿਆ ਪ੍ਰੀਖਿਆ ਦਾ ਆਯੋਜਨ ਕੀਤਾ ਗਿਆ ਸੀ, ਜਿਸ ਵਿਚ ਭਾਗ ਲੈਣ ਵਾਲੇ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਦੇ ਉੱਚ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਦਾ ਵਿਦਿਆਰਥੀਆਂ ਨੂੰ ਅੱਜ ਸਨਮਾਨਿਤ ਕਰਨ ਦਾ ਸਮਾਚਾਰ ਹੈ। ਸਨਮਾਨ ਸਮਾਗਮ ਵਿਚ ਕਾਲਜ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ ਨੇ ਮੈਰਿਟ ਅਤੇ ਅੱਵਲ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ ਅਤੇ ਉਨ੍ਹਾਂ ਨੂੰ ਭਵਿੱਖ ਵਿੱਚ ਵੀ ਨੈਤਿਕਤਾ ਦੇ ਮਾਰਗ ਤੇ ਚੱਲਣ ਲਈ ਪ੍ਰੇਰਿਤ ਕੀਤਾ । ਉਹਨਾਂ ਨੇ ਆਪਣੇ ਕਰ ਕਮਲਾਂ ਨਾਲ ਨੈਤਿਕ ਪ੍ਰੀਖਿਆ ਵਿਚ ਉੱਚ ਪੁਜ਼ੀਸ਼ਨਾਂ ਪ੍ਰਾਪਤ ਕਰ ਵਿਦਿਆਰਥੀਆਂ ਦਾ ਸਰਟੀਫੀਕੇਟ, ਨਕਦ ਇਨਾਮ ਅਤੇ ਯਾਦਚਿੰਨ ਭੇਟ ਕਰਕੇ ਨਾਲ ਸਨਮਾਨ ਕੀਤਾ । ਇਸ ਮੌਕੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਰੂਪਨਗਰ-ਸ਼ਹੀਦ ਭਗਤ ਸਿੰਘ ਨਗਰ



**ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀ ਨੈਤਿਕ ਸਿੱਖਿਆ ਪ੍ਰੀਖਿਆ ਦੇ ਟੌਪਰ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਦੇ ਵਿਦਿਆਰਥੀਆਂ ਦਾ ਸਨਮਾਨ ਕਰਨ ਮੌਕੇ ਪ੍ਰਧਾਨ ਡਾ. ਕੁਲਵਿੰਦਰ ਸਿੰਘ ਢਾਹਾਂ, ਸ. ਬਿਕਰਮਜੀਤ ਸਿੰਘ, ਡਾ. ਸੁਰਿੰਦਰ ਜਸਪਾਲ ਪ੍ਰਿੰਸੀਪਲ, ਵਾਈਸ ਪ੍ਰਿੰਸੀਪਲ ਰਮਨਦੀਪ ਕੌਰ, ਭਾਈ ਜੋਗਾ ਸਿੰਘ, ਸ.ਸ਼ਮਸ਼ੇਰ ਸਿੰਘ ਅਤੇ ਕਾਲਜ ਅਧਿਆਪਕ।**

ਜ਼ੋਨ ਦੇ ਪ੍ਰਧਾਨ ਸ. ਬਿਕਰਮਜੀਤ ਸਿੰਘ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਕਰਵਾਈ ਗਈ ਇਸ ਪ੍ਰੀਖਿਆ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਇਤਹਾਸ ਅਤੇ ਆਪਣੇ ਅਮੀਰ ਵਿਰਸੇ ਨਾਲ ਜੋੜਨ ਤੋਂ ਇਲਾਵਾ ਨੈਤਿਕ ਕਦਰਾਂ-ਕੀਮਤਾਂ ਪ੍ਰਤੀ ਜਾਗਰੁਕ ਕਰਨਾ ਹੈ । ਇਸ ਵਾਰੀ ਜ਼ੋਨ ਵਿਚ 24 ਕਾਲਜਾਂ ਦੇ ਦੋ ਹਜ਼ਾਰ ਤੋਂ ਵੱਧ ਵਿਦਿਆਰਥੀਆਂ ਨੇ ਪ੍ਰੀਖਿਆ ਦਿੱਤੀ । ਉਹਨਾਂ ਦੱਸਿਆ ਕਿ ਇਸ ਪ੍ਰੀਖਿਆ ਵਿਚੋ ਗੁਰੂ ਨਾਨਕ ਕਾਲਜ ਆਫ ਨਰਸਿੰਗ ਢਾਹਾਂ ਕਲੇਰਾਂ ਦੀ ਵਿਦਿਆਰਥਣ ਹਰਜੋਤ ਦੁੱਗ ਨੇ ਜ਼ੋਨ ਵਿਚੋਂ ਚੌਥਾ ਸਥਾਨ ਪ੍ਰਾਪਤ ਕਰਕੇ ਵਿਸ਼ੇਸ਼ ਸਨਮਾਨ ਅਤੇ ਅਮਨੀਤ ਕੌਰ ਨੇ ਉਤਸ਼ਾਹ ਵਧਾਊ ਇਨਾਮ ਜਿੱਤ ਕੇ , ਅੱਵਲ ਪੁਜ਼ੀਸ਼ਨਾਂ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੇ ਆਪਣਾ, ਆਪਣੇ ਮਾਪਿਆਂ ਅਤੇ ਕਾਲਜ ਦਾ ਨਾਮ ਰੋਸ਼ਨ ਕੀਤਾ ਹੈ। ਇਸ ਮੌਕੇ ਡਾ. ਸੁਰਿੰਦਰ ਜਸਪਾਲ ਪ੍ਰਿੰਸੀਪਲ ਨੇ ਧੰਨਵਾਦ ਕੀਤਾ ਅਤੇ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ । ਸਨਮਾਨ ਸਮਾਗਮ ਵਿਚ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਵਾਈਸ ਪ੍ਰਿੰਸੀਪਲ ਰਮਨਦੀਪ ਕੌਰ ਨੇ ਬਾਖੂਬੀ ਨਿਭਾਈ । ਇਸ ਮੌਕੇ ਸ.ਸ਼ਮਸ਼ੇਰ ਸਿੰਘ ਸਕੱਤਰ ਗੁਰੂ ਗੋਬਿੰਦ ਸਿੰਘ ਸਟੱਡੀ ਖੇਤਰ ਸ੍ਰੀ ਅਨੰਦਪੁਰ ਸਾਹਿਬ, ਭਾਈ ਜੋਗਾ ਸਿੰਘ ਹਜ਼ੂਰੀ ਰਾਗੀ ਗੁਰੂ ਨਾਨਕ ਮਿਸ਼ਨ ਅਤੇ ਕਾਲਜ ਅਧਿਆਪਕ ਹਾਜ਼ਰ ਸਨ।

# ਛੋਕਰਾਂ ਦੀ ਕ੍ਰਿਕਟ ਟੀਮ ਪਿੰਡ ਭੱਟੀਆਂ ਦੇ ਟੂਰਨਾਮੈਂਟ 'ਚ ਰਹੀ ਉਪ ਜੈਤੂ

**ਫਿਲੌਰ/ਅੱਪਰਾ (ਦੀਪਾ)**- ਕਰੀਬੀ ਪਿੰਡ ਭੱਟੀਆਂ ਵਿਖੇ ਕਰਵਾਏ ਗਏ ਕ੍ਰਿਕਟ ਟੂਰਨਾਮੈਂਟ 'ਚ ਛੋਕਰਾਂ ਦੀ ਕ੍ਰਿਕਟ ਟੀਮ ਉੱਪ ਜੈਤੂ ਰਹੀ, ਜਦਕਿ ਬੇਗਮਪੁਰ ਦੀ ਟੀਮ ਟੂਰਨਾਮੈਂਟ ਦੀ ਜੈਤੂ ਟੀਮ ਰਹੀ । ਟੂਰਨਾਮੈਂਟ ਦਾ ਬੈਸਟ ਬਾਲਰ ਪੀਤੀ ਛੋਕਰਾਂ ਤੇ ਬੈਸਟਰ ਬੈਟਸਮੈਨ ਰੋਹਿਤ ਛੋਕਰਾਂ ਰਹੇ । ਪ੍ਰਬੰਧਕਾਂ ਵਲੋਂ ਜੈਤੂ ਤੇ ਉਪ ਜੈਤੂ ਟੀਮਾਂ ਨੂੰ ਨਕਦ ਇਨਾਮ ਤੇ ਕੱਪ ਦੇ ਕੇ ਸਨਮਾਨਿਤ ਕੀਤਾ ਗਿਆ ।



**ਸਰਪੰਚ ਕ੍ਰਿਪਾਲ ਸਿੰਘ ਪਾਲੀ ਐਡਵੋਕੇਟ ਦੀ ਅਗਵਾਈ ਹੇਠ ਟੀਮ ਮੈਂਬਰਾਂ ਨੂੰ ਕੀਤਾ ਗਿਆ ਸਨਮਾਨਿਤ**

ਉਪ ਜੈਤੂ ਛੋਕਰਾਂ ਦੀ ਕ੍ਰਿਕਟ ਟੀਮ ਨੂੰ ਸਰਪੰਚ ਕ੍ਰਿਪਾਲ ਸਿੰਘ ਪਾਲੀ ਐਡਵੋਕੇਟ ਦੀ ਅਗਵਾਈ ਹੇਠ ਸਨਮਾਨਿਤ ਕੀਤਾ ਗਿਆ । ਇਸ ਮੌਕੇ ਸਮੂਹ ਕ੍ਰਿਕਟ ਟੀਮ ਦੇ ਮੈਂਬਰ ਹਾਜ਼ਰ ਸਨ।


## ਬਚ ਕੇ ਮੋੜ ਤੋਂ

ਕਾਲਜਾਂ ਸਕੂਲਾਂ ਵੱਲ ਜਾਂਦਿਆਂ ਰਾਹਾਂ 'ਚ ,
ਲਾ ਲਾ ਕੇ ਖੜ੍ਹਨ ਜਿਹੜੇ ਨਾਕੇ ।
ਖੇਡਦੇ ਗ਼ਰੀਬ ਦੀਆਂ ਧੀਆਂ ਭੈਣਾ ਨਾਲ਼ ,
ਰਹਿਣ ਵੱਡਿਆਂ ਘਰਾਂ ਦੇ ਕਾਕੇ ।
ਪੈਸਾ ਖਾਣ ਪੀਣ ਅਤੇ ਗੱਡੀਆਂ ਦੇ ਝੂਟਿਆਂ ਨੇ ,
ਜਾਪੇ ਮੱਤ ਹੁਸਨਾਂ ਦੀ ਮਾਰੀ ;
ਅਣਜਾਣੇ ਬੰਦਿਆਂ ਤੋਂ ਬਚਣਾ ਸੁਖਾਲ਼ੈ ,
ਜਾਣਕਾਰ ਹੀ ਮਾਰਦੇ ਡਾਕੇ ।



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ
ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## .ਗ਼ਜ਼ਲ



ਜੇਕਰ ਆਪਾਂ ਨੇ ਠੁਕਰਾਇਆ ਬਾਬਾ ਨਾਨਕ।
ਤਾਂ ਹੀ ਠੱਗਾਂ ਨੇ ਹਥਿਆਇਆ ਬਾਬਾ ਨਾਨਕ।
ਸਾਥੀ ਨੀਚਾਂ ਦਾ ਅਖਵਾਇਆ ਬਾਬਾ ਨਾਨਕ।
ਬੇਸ਼ੱਕ ਸਭਨਾਂ ਦੇ ਮਨ ਭਾਇਆ ਬਾਬਾ ਨਨਕ।
ਸੀਨੇ ਭਗਤ ਲਗਾਏ, ਨਾਰੀ ਨੂੰ ਵਡਿਆਇਆ,
ਮੁਕਤੀ ਦਾਤਾ ਬਣ ਕੇ ਆਇਆ ਬਾਬਾ ਨਾਨਕ।
ਖੇਤਾਂ ਵਿੱਚ ਹਲ ਵਾਹੁੰਦਾ ਆਵੇ ਨਜ਼ਰ ਕਿਤੇ ਨਾ,
ਸਾਨੂੰ ਵਿਹਲੜ ਸਾਧ ਦਿਖਾਇਆ ਬਾਬਾ ਨਾਨਕ।
ਗੋਲਕ ਰੱਖ ਇਕੱਠੀ ਕਰ ਸਕਦੇ ਹਾਂ ਮਾਇਆ,
ਏਸੇ ਕਰਕੇ ਰੱਬ ਬਣਾਇਆ ਬਾਬਾ ਨਾਨਕ।
ਦੇਖ ਅਜੋਕੇ ਸਿੱਖਾਂ ਨੂੰ ਪੈ ਜਾਵੇ ਸੋਚੀਂ,
ਤਾਜਾਂ ਤੋਂ ਨਾ ਗਿਆ ਹਰਾਇਆ ਬਾਬਾ ਨਾਨਕ।
'ਜ਼ਖ਼ਮੀ' ਵੰਡ ਛਕੋ ਦੀ ਗੱਲ ਕਦੇ ਨਾ ਛਿੜਨੀ,
ਜੇਕਰ ਨਾ ਆਜ਼ਾਦ ਕਰਾਇਆ ਬਾਬਾ ਨਾਨਕ।

**ਕਰਮ ਸਿੰਘ ਜ਼ਖ਼ਮੀ**
**ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:)**
**ਸੰਪਰਕ: 98146-28027**

## ਚੰਚਲ ਅੱਖਾਂ

ਚੰਚਲ ਮਨ ਦੀਆਂ ਚੰਚਲ ਅੱਖਾਂ
ਬਿਰਹੋਂ ਰੁੱਤ ਹੰਢਾਅ ਰਹੀਆਂ ਨੇ
ਜੋ ਧੋਖਾ ਦੇ ਗਏ, ਦਰ ਉਨ੍ਹਾਂ ਦੇ
ਮੁੜ ਮੁੜ ਫੇਰੇ ਪਾ ਰਹੀਆਂ ਨੇ
ਉਹ ਕਰ ਗਏ ਬੇਵਫ਼ਾਈ ਬੇਸ਼ੱਕ
ਫ਼ਿਰ ਵੀ ਇਸ਼ਕ ਕਮਾ ਰਹੀਆਂ ਨੇ
ਸੱਜਣਾਂ ਨਾਲ਼ ਜੋ ਪਲ਼ ਹੰਢਾਏ
ਵਾਰ ਵਾਰ ਦੁਹਰਾਅ ਰਹੀਆਂ ਨੇ
ਰੰਗ ਬਰੰਗੇ ਮਹਿਲ ਸੁਪਨਿਆਂ ਦੇ
ਆਪ ਬਣਾ ਕੇ ਢਾਹ ਰਹੀਆਂ ਨੇ !
ਚਾਲਬਾਜ਼,ਕਦੇ ਬਾਜ਼ ਨਾ ਆਵਣ
ਮਹਿੰਗਾ ਵਕ਼ਤ ਗੁਆ ਰਹੀਆਂ ਨੇ
ਬਹਿਕ ਗਈਆਂ,ਲੱਗ ਮਨ ਦੇ ਪਿੱਛੇ
ਅੰਦਰੋਂ ਤਾਂ ਪਛਤਾਅ ਰਹੀਆਂ ਨੇ
ਕਿਸੇ ਨੇ ਇਸ ਚੋਂ ਕੁੱਝ ਨੀਂ ਖੱਟਿਆ
"ਫ਼ੌਜੀ"ਤਾਈਂ ਸਮਝਾ ਰਹੀਆਂ ਨੇ।



**ਅਮਰਜੀਤ ਸਿੰਘ ਫ਼ੌਜੀ**
**ਪਿੰਡ ਦੀਨਾ ਸਾਹਿਬ**
**ਜ਼ਿਲ੍ਹਾ ਮੋਗਾ ਪੰਜਾਬ**
**94174-04804**

## ਸਫ਼ਰ

ਜ਼ਿੰਦਗੀ ਸਫ਼ਰ ਦਾ ਨਾਮ ਹੈ
ਸਫ਼ਰ ਹੀ ਜ਼ਿੰਦਗੀ ਹੈ।
ਕੁਦਰਤ ਦਾ ਨਿਯਮ ਹੈ
ਆਉਣਾ ਤੇ ਜਾਣਾ
ਇਹ ਸਫ਼ਰ ਆਮੁਕ ਹੈ
ਇਸ ਸਫ਼ਰ ਨੂੰ ਦੁੱਧ ਬਣਾ ਲਵੋ
ਜਾਂ ਫਿਰ ਪਾਣੀ
ਖਤਮ ਕਹਾਣੀ
ਜ਼ਿੰਦਗੀ ਨੂੰ ਮਾਣੋ
ਜ਼ਿੰਦਗੀ ਨੂੰ ਜਿਉਣਾ ਸਿੱਖੋ
ਨਾ ਰੁਕੋ, ਨਾ ਝੁਕੋ
ਰੁਕੋਗੇ ਤਾਂ ਛੱਪੜ
ਤੁਰੋਗੇ ਤਾ ਦਰਿਆ
ਦਰਿਆ ਜੀਵਨ ਹੈ
ਰੁਕਣਾ ਤੇ ਝੁਕਣਾ
ਗੁਲਾਮੀ ਦਾ ਅਹਿਸਾਸ ਹੈ
ਸਮਝ ਆਵੇ ਨਾ ਆਵੇ
ਤੁਹਾਡੇ ਤੇ ਨਿਰਭਰ ਕਰਦਾ ਹੈ
ਚਾਹੁੰਦੇ ਹੋਏ ਜੇ ਚੁੱਪ ਹੋ
ਤਾਂ ਤੁਸੀਂ ਗੁਲਾਮ ਹੋ
ਆਓ ਇਸ ਗੁਲਾਮੀ ਦੀਆਂ ਜੰਜ਼ੀਰਾਂ ਨੂੰ
ਆਪਣੇ ਤਨ ਮਨ ਤੋਂ ਉਤਾਰੀਏ
ਕੋਈ ਨਵੀਂ ਜ਼ਿੰਦਗੀ ਉਸਾਰੀਏ!



**ਬੁੱਧ ਸਿੰਘ ਨੀਲੋਂ**

## ਮੈਂ ਵੱਲ ਸੂਰਜ


ਮੈਂ ਵੱਲ ਸੂਰਜ ਚੜ੍ਹ ਕਦੋਂ ਉੱਡ-ਪੁੱਡ ਤੁਰਿਆ
ਤੈਂ ਵੱਲ ਬਖਸ਼ੀ ਰਿਸ਼ਮ ਸਿਖਰ ਦੁਪਹਿਰ ਖੜ੍ਹੀ

ਦੇ ਕੋਈ ਛਿਟ ਉਧਾਰ ਭਲਿਆ ਰਾਹੀਆ ਵੇ
ਲੰਮ - ਲੰਮੇਰਾ ਪੈਂਡਾ ਉੱਤੋਂ ਰਾਤ ਚੜ੍ਹੀ


ਸਾਂ-ਸਾਂ ਕਰਦਾ ਵਣ ਵੇ ਕਣ-ਕਣ ਓਦਰਿਆ
ਦੋ ਜਗਨੂੰ ਮੈਂ ਮੱਚਦੇ ਨੇ ਵੇਖੇ ਇਕ ਮੜ੍ਹੀ

ਘੁੱਪ ਸਿਆਹ ਹਨ੍ਹੇਰਾ ਦੀਵਾ ਕਿੰਝ ਬਾਲਾਂ
ਲਾ ਨਾ ਬੈਠਾਂ ਲਾਂਬੂ ਕਿੱਧਰੇ ਜਨਮ ਸੜ੍ਹੀ

ਬੁੱਕ-ਬੁੱਕ ਦਿਆਂ ਖਿਲਾਰ ਕਿੱਧਰੇ ਥਹੁ ਪਵੇ
ਸੂਤਕ ਦੂਰ ਕਰੇਂਦੀ ਹਵਨ ਦੀ ਲੋਅ ਖਰੀ



**ਦੀਪ ਸੰਧੂ**
**+61 459 966 392**



# ਲੁੱਟਾਂ ਲੁੱਟ ਲੋ ਨਸੀਬਾਂ ਵਾਲੇ ਬੰਦਿਓ, ਲੁੱਟ ਪੈ ਗਈ ਹਰ ਪਾਸੇ!

ਦਿੱਲੀ ਨੇ ਹਮੇਸ਼ਾ ਹੀ ਪੰਜਾਬ ਦੇ ਨਾਲ ਧੱਕਾ ਕੀਤਾ ਹੈ। ਪਹਿਲਾਂ ਦਿੱਲੀ ਦਾ ਦਖ਼ਲ ਪਰਦੇ ਪਿੱਛੇ ਸੀ, ਹੁਣ ਦਿੱਲੀ ਦੇ ਧਾੜਵੀਆਂ ਨੇ ਹਰ ਪਾਸੇ ਕਬਜ਼ਾ ਕਰ ਲਿਆ ਹੈ। ਪੰਜਾਬ ਦੇ 94 ਵਿਧਾਇਕ ਅੰਨ੍ਹੇ, ਬੋਲੇ ਤੇ ਗੂੰਗੇ ਬਣ ਗਏ ਹਨ। ਬਦਲਾਅ ਬੌਂਦਲਿਆ ਫਿਰਦਾ ਹੈ। ਹਰ ਤਰ੍ਹਾਂ ਦਾ ਮਾਫੀਆ ਲੋਕਾਂ ਨੂੰ ਲੁੱਟ ਰਿਹਾ ਹੈ। ਪੰਜਾਬ ਦੇ ਵਿੱਚ ਦਰੀਆਂ ਝਾੜਨ ਵਾਲੇ ਵੀ ਗੂੰਗੇ ਹੋ ਗਏ ਹਨ। ਦਿੱਲੀ ਦੇ ਧਾੜਵੀ ਪੰਜਾਬ ਦੇ ਸਿਰ ਉਤੇ ਬਹਿ ਗਏ ਹਨ।

ਇਸ ਸਮੇਂ ਪੰਜਾਬ ਦੇ ਜਾਗਦੇ ਲੋਕਾਂ ਦੇ ਪੈਰਾਂ ਹੇਠਾਂ ਅੰਗਿਆਰ ਹਨ ਤੇ ਸਿਰ ਸੱਤਾਧਾਰੀਆਂ ਦੀ ਤਲਵਾਰ ਲਟਕ ਦੀ ਹੈ। ਜੋ ਲੋਕ ਨਾ ਚੁੱਪ ਹਨ, ਉਹਨਾਂ ਦੇ ਲਈ ਇਹ ਧਰਨੇ, ਰੋਸ ਰੈਲੀਆਂ ਤੇ ਬੰਦ ਦੇ ਸੱਦੇ ਫਜ਼ੂਲ ਹਨ। ਬਹੁਗਿਣਤੀ ਲੋਕਾਂ ਦੀ ਮਾਨਸਿਕਤਾ ਘਰ ਤੋਂ ਕੰਮ ਉਤੇ, ਕੰਮ ਤੋਂ ਘਰ ਤੱਕ ਦੀ ਬਣਾ ਦਿੱਤੀ ਹੈ। ਅਜੋਕੇ ਸਮਿਆਂ ਵਿੱਚ ਜ਼ਿੰਦਗੀ ਨੇ ਜਿਉਣਾ ਐਨਾ ਦੁੱਬਰ ਤੇ ਔਖਾ ਕਰ ਦਿੱਤਾ ਹੈ ਕਿ ਚੁੱਲ੍ਹਾ ਬਲਦਾ ਰੱਖਣਾ ਮੁਸ਼ਕਲ ਹੋ ਗਿਆ।ਕੂੜੇ ਦੇ ਢੇਰ ਵਾਂਗ ਵਧਦੀ ਮਹਿੰਗਾਈ ਏ ਉਸਦਾ ਸਭ ਕੁੱਝ ਗਿਰਵੀ ਰਖਵਾ ਲਿਆ ਹੈ। ਅਸਮਾਨ ਛੂਹਦੀਆਂ ਬਜ਼ਾਰ ਦੀ ਕੀਮਤਾਂ ਨੇ ਮਨੁੱਖ ਨੂੰ ਚੱਕਰਵਿਊ ਵਿੱਚ ਫਸਾ ਲਿਆ ਹੈ। ਉਸਦੀ ਹਾਲਤ ਧੋਬੀ ਦੇ ਕੁੱਤੇ ਵਰਗੀ ਹੋ ਗਈ ਹੈ। ਬਹੁਗਿਣਤੀ ਲੋਕਾਂ ਦੀ ਦਸ਼ਾ ਤੇ ਦਿਸ਼ਾ ਊਠ ਮਗਰ ਤੁਰੇ ਜਾ ਰਹੇ ਕੁੱਤੇ ਵਰਗੀ ਹੈ। ਦੋਨਾਂ ਹੀ ਹਾਲਤਾਂ ਦੇ ਵਿੱਚ ਆਮ ਤੇ ਮੱਧ ਵਰਗੀ ਮਨੁੱਖ ਕੁੱਤਾ ਬਣ ਕੇ ਰਹਿ ਗਿਆ ਹੈ। ਆਮ ਆਦਮੀ ਆਪਣੇ ਘਰ ਤੇ ਪਰਿਵਾਰ ਪ੍ਰਤੀ ਵਫਾਦਾਰ ਹੈ। ਮੱਧ ਵਰਗੀ ਸਮਾਜ ਆਪਣੇ ਅਣ ਇੱਛਤ ਇੱਛਾਵਾਂ ਦੇ ਪ੍ਰਤੀ ਸਮਰਪਿਤ ਹੈ ਪਰ ਚੱਕੀ ਦੇ ਦੋਵੇਂ ਹੀ ਪੁੜਾਂ ਦੇ ਹੇਠਾਂ ਦੋਵੇਂ ਪਿਸ ਰਹੇ ਹਨ। ਆਮ ਆਦਮੀ ਚੀਕਦਾ ਹੈ ਤੇ ਸੱਤਾ ਦੇ ਖਿਲਾਫ ਸੰਘਰਸ਼ ਦੇ ਰਾਹ ਕਿਵੇਂ ਤੁਰੇ ? ਉਹ ਸੱਤਾ ਦੇ ਵਿਰੁੱਧ ਸੰਘਰਸ਼ ਕਰੇ ਜਾਂ ਪਰਵਾਰ ਬਚਾਉਣ ਲਈ ਆਪਣਾ ਖੂਨ ਪਸੀਨਾ ਵਹਾਏ ? ਕਿਉਂਕਿ ਸਰਮਾਏਦਾਰੀ ਸਿਸਟਮ ਐਨਾ ਮਜ਼ਬੂਤ ਤੇ ਬੇਕਿਰਕ ਹੈ ਕਿ ਉਸਦੇ ਲਈ ਮਨੁੱਖ ਦੇ ਨਾਲੋਂ ਵਸਤੂਆਂ ਦੀ ਵਧੇਰੇ ਕੀਮਤ ਹੈ। ਸਿੱਖਿਆ ਤੇ ਧਰਮ ਗੋਰਖਧੰਦਾ ਬਣ ਕਿ ਮੁਨਾਫੇ ਦਾ ਸਾਧਨ ਬਣ ਕੇ ਰਹਿ ਗਿਆ ਹੈ। ਆਮ ਮਨੁੱਖ ਨੂੰ ਕਿਧਰੇ ਵੀ ਚਾਨਣ ਨਜ਼ਰ ਨਹੀਂ ਆ ਰਿਹਾ। ਬਹੁਗਿਣਤੀ ਲੋਕਾਂ ਦੀ ਰੂਹ ਮਰ ਗਈ ਹੈ। ਜੋ ਰੂਹਦਾਰੀ ਵਾਲੇ ਹਨ, ਉਹ ਚੁੱਪ ਹਨ। ਸੱਤਾਧਾਰੀ ਵੋਟਾਂ



ਗਿਣਦੇ ਤੇ ਨੌਜਵਾਨ ਪਾਣੀ ਮਿਣਦੇ ਫਿਰ ਰਹੇ ਹਨ। ਲੋਕ ਸਿਰ ਨੀਵਾਂ ਕਰਕੇ ਬੇਸ਼ਰਮ ਹੋਏ ਭੇਡਾਂ ਵਾਂਗ ਉਹਨਾਂ ਮਗਰ ਛਾਲ ਮਾਰ ਰਹੇ ਹਨ। ਸੱਤਾਧਾਰੀ ਮੂਕ ਦਰਸ਼ਕ ਬਣ ਗਿਆ ਹੈ। ਉਂਝ ਥਾਂ ਥਾਂ ਰੋਸ ਪ੍ਰਦਰਸ਼ਨ ਹੋ ਰਹੇ ਹਨ। ਆਮ ਲੋਕਾਂ ਨੂੰ ਸੱਤਧਾਰੀ ਹਕੂਮਤ, ਉਨ੍ਹਾਂ ਦੇ ਧੀਆਂ ਪੁੱਤਾਂ ਤੋਂ ਕੁਟਵਾ ਰਹੀ ਹੈ। ਅਸੀਂ ਕੁੱਟ ਖਾ ਰਹੇ ਹਾਂ। ਪਹਿਲਾਂ ਗੋਰੇ ਸਿਆਸਤਦਾਨ ਬਣੇ ਸਨ, ਆਮ ਲੋਕਾਂ ਨੂੰ ਉਨ੍ਹਾਂ ਦੇ ਲੋਕਾਂ ਤੋਂ ਹੀ ਕੁੱਟਵਾਉਦੇ ਤੇ ਮਰਵਾਉਦੇ ਸਨ। ਕੀ ਬਦਲਿਆ 76 ਸਾਲ ਵਿੱਚ, ਸਿਰਫ ਸਮਾਂ ਬਦਲਿਆ ਹੈ। ਸੱਤਧਾਰੀ ਲੋਕ ਬਦਲੇ ਹਨ। ਬਾਕੀ ਕਾਨੂੰਨ ਤੇ ਤਸ਼ੱਦਤ ਦਾ ਤਰੀਕਾ ਨਹੀਂ ਬਦਲਿਆ। ਉਹ ਪਹਿਲਾਂ ਨਾਲੋਂ ਵੀ ਕਰੂਰ ਹੋਇਆ ਹੈ। ਇਸ ਦੇ ਪਿੱਛੇ ਕੌਣ ਹੈ ਜੋ ਕੱਠਪੁਤਲੀ ਦੇ ਵਾਂਗੂੰ ਡੋਰ ਖਿੱਚਦਾ ਹੈ ? ਆਮ ਲੋਕਾਂ ਦੇ ਦੁਸ਼ਮਣ ਅਸਲੀ ਉਹ ਹੈ, ਜਿਹੜੇ ਕਾਰਪੋਰੇਟ ਘਰਾਣਿਆਂ ਤੇ ਸੱਤਾਧਾਰੀ ਤਾਂ ਦਲਾਲ ਹਨ। ਇਹ ਜੰਗ ਦੇ ਵਿੱਚ ਕੌਣ ਮਰ ਰਿਹਾ ਹੈ ? ਆਮ ਆਦਮੀ ਕੌਣ ਹੈ, ਉਹ ਕਿਹੜੀ ਅੱਗ ਉਤੇ ਛੱਲੀ ਭੁੰਨ ਰਿਹਾ ਹੈ ? ਕੌਣ ਅੱਗ ਵਿੱਚ ਬਲ ਰਿਹਾ ਹੈ? ਭੁੱਬਲ ਦੇ ਵਿੱਚ ਕੌਣ ? ਛੱਲੀ ਕੌਣ ਭੁੰਨ ਰਿਹਾ ਹੈ ?ਇਸ ਸਮੇਂ ਸੋਚਣ ਤੇ ਸਿਰ ਜੋੜਣ ਦੀ ਲੋੜ ਹੈ। ਲੋਕਾਂ ਨੂੰ ਸਿਰ ਵਿੱਚੋਂ ਧਰਮ ਦਾ ਭਾਰ ਉਤਾਰ ਕੇ ਅਕਲ ਦੇ ਦਰਵਾਜ਼ੇ ਨੂੰ ਖੜਕਾਉਣ ਦੀ ਲੋੜ ਹੈ। ਧਰਮ ਮਹਿਜ਼ ਠੁੰਮਣਾ ਹੈ, ਇਸ ਤੋਂ ਵਧੇਰੇ ਕੁੱਝ ਨਹੀਂ। ਪੜ੍ਹੋ, ਜੁੜੋ,ਤੁਰੋ ਤੇ ਸੰਘਰਸ਼ ਕਰੋ। ਹੁਣ ਸ਼ਹੀਦੀਆਂ ਦੇਣ ਦਾ ਸਮਾਂ ਨਹੀਂ ਸਗੋਂ ਵਿਚਾਰਾਂ ਦੀ ਜੰਗ ਲੜਨ ਦਾ ਸਮਾਂ ਹੈ। ਵਿਚਾਰ ਪੈਦਾ ਕਰਨ ਲਈ ਗਿਆਨ, ਅਧਿਐਨ ਤੇ ਚੰਗੀਆਂ ਕਿਤਾਬਾਂ ਪੜ੍ਹਨ ਦੀ ਲੋੜ ਹੈ। ਕਿਤਾਬਾਂ ਵੱਲ ਖੁੱਲ੍ਹਦੀ ਖਿੜਕੀਆਂ, ਵੱਡੀਆਂ ਵੱਡੀਆਂ ਮੰਜ਼ਿਲਾਂ ਦੇ ਰਾਹ ਦੱਸਦੀਆਂ ਹਨ। ਧਰਮ ਦੀ ਸਵਾਹ ਨਾ ਫਰੋਲੋ। ਇਸ ਦੇ ਲਈ ਜੀਵਨ ਖਰਾਬ ਨਾ ਕਰੋ। ਚੰਗੀਆਂ ਕਿਤਾਬਾਂ ਨਾਲ ਸਾਂਝ ਪਾਉਣ ਦੀ ਲੋੜ ਹੈ। ਗਿਆਨ ਵਿਗਿਆਨ ਹਾਸਲ ਕਰਨ ਪੜ੍ਹਨ ਤੇ ਸੁਣਨ ਦੀ ਆਦਤ ਬਣਾਓ। ਕਿਉਂਕਿ ਜ਼ਿੰਦਗੀ ਦੇ ਰਸਤਿਆਂ ਵਿੱਚ ਅੰਗਿਆਰ ਬਹੁਤ ਹਨ। ਇਹਨਾਂ ਨੂੰ ਚੁਗਣ ਦੀ ਵਜਾਏ ਇਹਨਾਂ ਉਪਰ ਦੀ ਬਚ ਕੇ ਨਿਕਲ ਲਈ ਆਪਣੇ ਦਿਮਾਗ਼ ਨੂੰ ਵਰਤੋ, ਭੇਡਾਂ ਬਣ ਅੱਗ ਵਿੱਚ ਛਾਲਾਂ ਨਾ ਮਾਰੋ। ਅੱਗ ਵਿੱਚ ਛਾਲਾਂ ਮਰਵਾਉਣ ਵਾਲਿਆਂ ਨੂੰ ਪਛਾਣੋ ਕਿ ਉਹ ਕੌਣ ਤੇ ਕਿਸ ਦੇ ਲੜਾਈ ਲੜ ਰਹੇ ਹਨ। ਇਸ ਸਮੇਂ ਪੰਜਾਬ ਦੇ ਲੋਕਾਂ ਦੇ ਪੈਰਾਂ ਹੇਠੋਂ ਜ਼ਮੀਨ ਖਿਸਕ ਰਹੀ ਹੈ। ਜਦੋਂ ਜ਼ਮੀਨ ਨਾ ਰਹੀ ਤਾਂ ਜ਼ਿੰਦਗੀ ਦੀ ਲਾਸ਼ ਚੁੱਕੀ ਫਿਰੋਗੇ। ਨਾਇਕ ਵਿਹੂਣੇ ਸੰਘਰਸ਼ ਦਾ ਕੋਈ ਤਣ ਪੱਤਣ ਨਹੀਂ ਹੁੰਦਾ। ਇਹਨਾਂ ਸਮਿਆਂ ਵਿੱਚ ਆਪਣੇ ਆਪ ਨੂੰ ਨਾਇਕ ਬਣਾਉਣ ਦੀ ਲੋੜ ਹੈ। ਆਪਣੇ ਆਪ ਸਮਝਣ ਦੀ ਲੋੜ ਹੈ, ਲੋੜ ਵਿੱਚੋਂ ਕੋਈ ਰਾਹ ਲੱਭੋ। ਗੁਆਚਿਆ ਹੋਇਆ ਕੁੱਝ ਨਹੀਂ, ਸਿਰਫ਼ ਤਲਾਸ਼ ਕਰਨ ਦੀ ਲੋੜ ਹੈ। ਇਹਨਾਂ ਅੰਗਿਆਰਾਂ ਵਿੱਚ ਮੌਤ ਤੋਂ ਬਾਅਦ ਕੁੱਝ ਨਹੀਂ। ਹੁਣ ਸੋਚਣਾ ਤੁਸੀਂ ਹੈ, ਅੱਗ ਵਿੱਚ ਸੜਨਾ ਹੈ, ਜਾਂ ਅੱਗ ਉੱਤੇ ਰੋਟੀਆਂ ਤੇ ਬੋਟੀਆਂ ਸੇਕਣੀਆਂ ਹਨ? ਸਵੇਰੇ ਸਵੇਰੇ ਕੰਨਾਂ ਵਿੱਚ ਇਹ ਬੋਲ ਪੈਂਦੇ ਸਨ, ਲੁੱਟਾਂ ਲੁੱਟ ਲੋ ਨਸੀਬਾਂ ਵਾਲੇ ਬੰਦਿਓ, ਲੁੱਟ ਪੈ ਗਈ, ਰਾਮ ਨਾਮ ਦੀ। ਹੁਣ ਇਹ ਕਹਿਣ ਵਿੱਚ ਕੋਈ ਹਰਜ਼ ਨਹੀਂ ਕਿ ਪੰਜਾਬ ਨੂੰ ਲੁੱਟਣ ਵਾਲੇ ਗਰੋਹ ਇਸ ਧਾਰਨਾ ਨੂੰ ਸੱਚ ਸਾਬਤ ਕਰਨ ਲੱਗੇ ਹੋਏ ਹਨ।



**ਬੁੱਧ ਸਿੰਘ ਨੀਲੋਂ**
**9467370823**

# ਮਖਿਆ ਸੁਣਦੀ ਨੀ...

ਪਤਨੀ ਨੂੰ ਬੁਲਾਉਣ ਲਈ ਸੁਣਦੀ ਨੀ, ਬੋਲਦੀ ਨੀ ਅਤੇ ਮਾਝੇ ਵਾਲੇ ਕੂੰਦੀ ਨੀ ਵਰਗੇ ਸ਼ਬਦ ਵਰਤਦੇ ਹਨ। ਸਾਡੇ ਭਾਪਾ ਬੀਬੀ ਅਤੇ ਹੋਰ ਇਹ ਸ਼ਬਦ ਵਰਤਦੇ ਸਨ। ਸਾਡੇ ਵੇਲਿਆਂ ਵਿੱਚ ਨਾਮ ਲੈਣ ਦਾ ਚਲਣ ਵੱਧ ਗਿਆ। ਫਿਰ ਪਤੀ ਪਤਨੀ ਲਈ ਬੇਟਾ ਸ਼ਬਦ ਵਰਤਦਾ ਮੈਂ ਕੰਨੀ ਸੁਣਿਆ। ਨਾਲਦੀ ਗਣਪਤੀ ਕਲੋਂਨੀ ਵਿੱਚ ਇੱਕ ਗਰਾਸਰੀ ਸਟੋਰ ਤੇ ਮੀਆਂ ਬੀਵੀ ਬੈਠਦੇ ਹਨ। ਖਾਵੰਦ ਆਪਣੀ ਬੇਗਮ ਨੂੰ ਬੇਟਾ ਕਹਿ ਕੇ ਬੁਲਾਉਂਦਾ ਹੈ। ਉਹ ਵੀ ਸਮਾਂ ਸੀ ਜਦੋਂ ਜਵਾਨ ਮੁੰਡੇ ਆਪਣੇ ਬਜ਼ੁਰਗਾਂ ਦੇ ਬੈਠਿਆਂ ਆਪਣੀ ਔਲਾਦ ਨੂੰ ਪੁੱਤ ਬੇਟਾ ਨਹੀਂ ਸੀ ਕਹਿ ਸਕਦੇ। ਅਜਿਹਾ ਕਰਨ ਤੇ ਉਹ ਸਖਤੀ ਨਾਲ ਵਰਜ਼ ਦਿੰਦੇ ਸਨ। ਹੁਣ ਤਾਂ ਕੰਵਾਰੀਆਂ ਕੁੜੀਆਂ ਕਿਸੇ ਵੀ ਬੱਚੇ ਨੂੰ ਪੁੱਤ ਜਾਂ ਬੇਟਾ ਕਹਿੰਦੀਆਂ ਆਮ ਵੇਖੀਆਂ ਜਾ ਸਕਦੀਆਂ ਹਨ। ਚਲੋ ਦਫ਼ਾ ਕਰੋ ਕੋਈਂ ਕਿਸੇ ਨੂੰ ਜਿਵੇਂ ਮਰਜੀ ਬੁਲਾਵੇ। ਪਤਨੀ ਆਪਣੇ ਪਤੀ ਦਾ ਹਵਾਲਾ ਦੇਣ ਲਈ "ਸਾਡੇ ਇਹ" ਸ਼ਬਦ ਵਰਤਦੀ ਸੀ। ਪਤੀ ਦਾ ਨਾਮ ਨਹੀਂ ਸੀ ਲੈਂਦੀ ਪਰ ਹੁਣ ਤਾਂ ਨਿੱਕ ਨੇਮ ਫਰਾਟੇ ਪੱਖੇ ਵਾਂਗ ਚਲਦਾ ਹੈ। ਨੰਨ੍ਹੇ, ਮੰਨਾ, ਦੀਪੂ, ਸੋਨੂੰ ਸ਼ਬਦ ਆਮ ਹੀ ਜ਼ੁਬਾਨ ਤੇ ਆਉਂਦੇ ਹਨ। ਪਤੀ ਦੇ ਪਤਨੀ ਲਈ ਕੁਝ ਫਰਜ਼ ਹੁੰਦੇ ਹਨ ਇਸ ਲਈ ਪਤਨੀ ਦੇ ਫਰਜ਼ਾਂ ਵਾਲੀ ਲਿਸਟ ਵੀ ਸਿਆਣਿਆਂ ਨੇ ਜਰੂਰ ਬਣਾਈ ਹੋਵੇਗੀ। ਸ਼ਾਇਦ ਅੱਜ ਕੱਲ੍ਹ ਮੋਬਾਇਲ ਵਾਲੀਆਂ ਮੰਮੀਆਂ ਇਹ ਲਿਸਟ ਰਿਲੀਜ਼ ਹੀ ਨਹੀਂ ਹੋਣ ਦਿੰਦੀਆਂ। ਕੋਈਂ ਮਾਂ ਆਪਣੀ ਬੇਟੀ ਨੂੰ ਕਦੇ ਨਹੀਂ ਸਮਝਾਉਂਦੀ ਕਿ ਬੇਟਾ ਜਦੋਂ ਪਤੀ ਬਾਹਰੋਂ ਆਵੇ ਤਾਂ ਪਾਣੀ ਦਾ ਗਿਲਾਸ ਫੜਾਉਂਦੇ ਵਕਤ ਸ਼ਿਕਾਇਤਾਂ ਵਾਲਾ ਪਿਟਾਰਾ ਨਾਲ ਦੀ ਨਾਲ ਨਾ ਖੋਲ੍ਹਿਆ ਕਰੋ। ਉਹ ਬਾਹਰੋਂ ਥੱਕਿਆ ਟੁੱਟਿਆ ਆਇਆ ਹੁੰਦਾ ਹੈ। ਉਸ ਨੂੰ ਰੋਟੀ ਖੁਦ ਪਾਕੇ ਦਿਓਂ ਅਤੇ ਕੋਸ਼ਿਸ਼ ਕਰੋ ਉਸਦੇ ਮਨਪਸੰਦ ਦਾ ਹੀ ਖਾਣਾ ਬਣਾਇਆ ਜਾਵੇ।

ਨਾ ਹੀ ਮਾਂ ਅਤੇ ਉਸਦੀਆਂ ਸਹੇਲੀਆਂ ਇਹ ਸਮਝਾਉਂਦੀਆਂ ਹਨ ਕਿ ਪਤੀ ਦੀਆਂ ਕਮੀਆਂ ਅਤੇ ਕਮਜ਼ੋਰੀਆਂ ਨੂੰ ਬਾਰ ਬਾਰ ਸਣਾਕੇ ਉਸ ਨੂੰ ਨੀਵਾਂ ਨਾ ਝੁਕਾਇਆ ਕਰੋ । ਇਹ ਸਹੀ ਹੋ ਸਕਦਾ ਹੈ ਕਿ ਪਤੀ ਦੇ ਮਾਂ ਪਿਓ ਜਾਂ ਉਸਦੇ ਭੈਣ ਭਰਾ ਸਾਡੀਆਂ ਸਮਾਜਿਕ ਤੌਰ ਤਰੀਕਿਆਂ ਤੇ ਖਰੇ ਨਾ ਉਤਰਦੇ ਹੋਣ। ਪਤੀ ਵੀ ਇਸ ਗੱਲ ਨੂੰ ਮੰਨਦਾ ਹੋਵੇਗਾ ਪ੍ਰੰਤੂ ਉਸਦੇ ਮੂੰਹ ਤੇ ਕਹਿਕੇ ਉਸ ਦੇ ਕਿਰਦਾਰ ਨੂੰ ਨੀਵਾਂ ਨਾ ਕਰੋ। ਲਿਸਟ ਵਿੱਚ ਇਹ ਵੀ ਲਿਖਿਆ ਹੋਵੇਗਾ ਕਿ ਕਈ ਵਾਰੀ ਪਤੀ ਦੇ ਮਾਂ ਪਿਓ ਅਤੇ ਭੈਣ ਭਰਾ ਆਰਥਿਕ ਰੂਪ ਵਿੱਚ ਬਹੁਤੇ ਮਜਬੂਤ ਨਹੀਂ ਹੁੰਦੇ। ਇਸ ਲਈ ਉਹ ਸਮੇਂ ਸਮੇਂ ਤੇ ਉਹਨਾ ਦੀ ਮਾਲੀ ਮਦੱਦ ਕਰਨੀ ਚਾਹੁੰਦਾ ਹੈ। ਆਰਥਿਕ ਸਹਾਇਤਾ ਕਰਨ ਤੋਂ ਉਸਨੂੰ ਕਦੇ ਨਾ ਰੋਕੋ। ਪਤਨੀ ਇਸ ਕੰਮ ਵਿੱਚ ਖੁਦ ਮੂਹਰੇ ਆਕੇ ਪਤੀ ਦਾ ਮਨ ਜਿੱਤ ਸਕਦੀ ਹੈ। ਇੰਨਾ ਹੀ ਨਹੀਂ ਮਾਲੀ ਸਹਾਇਤਾ ਵਾਲੀ ਗੱਲ ਦਾ ਬਾਰ ਬਾਰ ਜ਼ਿਕਰ ਕਰਕੇ ਉਸਨੂੰ ਮਾਨਸਿਕ ਰੂਪ ਵਿੱਚ ਨਾ ਤੋੜੋ।

ਪਰਿਵਾਰ ਦੀ ਮਾਲੀ ਹਾਲਤ ਕਦੇ ਇੱਕ ਸਾਰ ਨਹੀਂ ਰਹਿੰਦੀ। ਪਰਿਵਾਰ ਤੇ ਆਏ ਮਾਲੀ ਸੰਕਟ ਦੌਰਾਨ ਸਮਝਦਾਰ ਪਤਨੀ ਗੋਝੀਆਂ ਅਤੇ ਬੱਚਤ ਪਤੀ ਨੂੰ ਸੌਂਪਕੇ ਉਸਨੂੰ ਇਸ ਸੰਕਟ ਵਿਚੋਂ ਕੱਢ ਸਕਦੀ ਹੈ। ਇਥੇ ਪਤਨੀ ਦਾ ਫਰਜ਼ ਪਤੀ ਨੂੰ ਟੈਂਸ਼ਨ ਦੀ ਬਜਾਏ ਹੋਸਲਾ ਦੇਣਾ ਹੁੰਦਾ ਹੈ। ਚੰਗੀ ਪਤਨੀ ਪਰਿਵਾਰਿਕ ਮਾਲੀ ਸੰਕਟ ਤੇ ਆਪਣੀ ਸੂਝਬੂਝ ਨਾਲ ਕਾਬੂ ਪਾ ਲੈਂਦੀ ਹੈ। ਉਹ ਆਪਣੀਆਂ ਜ਼ਰੂਰਤਾਂ ਦਾ ਤਿਆਗ ਕਰਕੇ ਪਰਿਵਾਰ ਬਾਰੇ ਸੋਚਦੀ ਹੈ।

ਪਤੀ ਦੇ ਆਪਣੇ ਸਰੀਕੇ, ਭਾਈਚਾਰੇ ਅਤੇ ਸਹਿਕਰਮੀਆਂ ਨਾਲ ਸੌ ਝਗੜੇ ਅਤੇ ਗੁੱਸੇ ਗਿਲੇ ਹੋ ਸਕਦੇ ਹਨ ਸੁਹਿਰਦ ਪਤਨੀ ਕਦੇ ਵੀ ਮੱਚਦੀ ਤੇ ਤੇਲ ਨਹੀਂ ਪਾਉਂਦੀ ਉਹ ਪਤੀ ਦੇ ਮੋਢੇ ਨਾਲ ਮੋਢਾ ਜੋੜਕੇ ਖੜ੍ਹਦੀ ਹੈ। ਪ੍ਰੰਤੂ ਆਪਣੇ ਪਤੀ ਨੂੰ ਸਮਾਜ ਨਾਲ ਤੋੜਨ ਦਾ ਨਹੀਂ ਜੋੜਨ ਦਾ ਕੰਮ ਕਰਦੀ ਹੈ।

ਕਈ ਵਾਰੀ ਹੁੰਦਾ ਹੈ ਕਿ ਪਤਨੀ ਦੇ ਪੇਕੇ ਅਮੀਰ ਹੁੰਦੇ ਹਨ। ਉੱਥੇ ਐਸ਼ ਇਸ਼ਰਤ ਦੇ ਵਧੇਰੇ ਸਾਧਨ ਮੌਜੂਦ ਹੁੰਦੇ ਹਨ। ਪਤਨੀ ਨੂੰ ਪਤੀ ਸਾਹਮਣੇ ਆਪਣੇ ਪੇਕਿਆਂ ਦੀ ਅਮੀਰੀ ਦੇ ਗੁਣ ਨਹੀਂ ਗਾਉਣੇ ਚਾਹੀਦੇ। ਉਸ ਨੂੰ ਆਪਣੇ ਪਤੀ ਦੇ ਸੀਮਤ ਸਾਧਨਾਂ ਤੇ ਮਾਣ ਕਰਨਾ ਚਾਹੀਦਾ ਹੈ। ਬਾਕੀ ਭਾਈ ਕਹਿੰਦੇ ਪਤਨੀ ਤਾਂ ਪਤਾ ਨਹੀਂ ਹੁੰਦੀ ਹੈ।



**ਰਮੇਸ਼ ਸੇਠੀ ਬਾਦਲ**
**9876627233**

# ਪੁਸਤਕ ਨਾਥ ਸੰਪਰਦਾਇ ਅਤੇ ਯੋਗ ਲੋਕ ਅਰਪਣ



**ਬਰਨਾਲਾ (ਚੰਡਿਹੋਕ)** ਉਦਾਸੀਨ ਸੰਪਰਦਾਇ ਦੇ ਵੱਡੇ ਡੇਰੇ ਟਿੱਲਾ ਬਾਬਾ ਟਹਿਲ ਦਾਸ ਪਿੰਡ ਸੇਖਾ ਵਿਖੇ ਉਤਰ ਪ੍ਰਦੇਸ਼ ਪੰਜਾਬੀ ਅਕਾਦਮੀ (ਉਤਰ ਪ੍ਰਦੇਸ਼ ਸ਼ਾਸਨ ਅਧੀਨ) ਦੁਆਰਾ ਪ੍ਰਕਾਸ਼ਿਤ ਡਾਕਟਰ ਦਯਾ ਸਿੰਘ ਪੰਜਾਬੀ ਦੁਆਰਾ ਲਿਖੀ ਗਈ ਪੁਸਤਕ " ਨਾਥ ਸੰਪਰਦਾਇ ਅਤੇ ਯੋਗ " ਡੇਰੇ ਦੇ ਮਹੰਤ ਸ਼੍ਰੀ ਕ੍ਰਿਸ਼ਨ ਮੁਨੀ ਨੇ ਲੋਕ ਅਰਪਣ ਦੀ ਰਸਮ ਅਦਾ ਕੀਤੀ ਅਤੇ ਉਹਨਾਂ ਦਾ ਸਾਥ ਦਿੰਦਿਆਂ ਅਲੀਗੜ੍ਹ ਮੁਸਲਿਮ ਯੂਨੀਵਰਸਿਟੀ ਦੇ ਆਧੁਨਿਕ ਭਾਰਤੀ ਭਾਸ਼ਾਵਾਂ ਦੇ ਚੇਅਰਮੈਨ ਪ੍ਰੋ . ਕ੍ਰਾਂਤੀਪਾਲ ਨੇ ਕਿਹਾ ਕਿ ਉਤਰ ਪ੍ਰਦੇਸ਼ ਸਰਕਾਰ ਦੇ ਅਦਾਰੇ ਪੰਜਾਬੀ ਅਕਾਦਮੀ ਵਲੋ ਡਾਕਟਰ ਦਯਾ ਸਿੰਘ ਪੰਜਾਬੀ ਤੋਂ ਨਾਥ, ਯੋਗ ਪ੍ਰੰਪਰਾ ਬਾਰੇ ਕਰਵਾਇਆ ਇਹ ਕਾਰਜ ਆਪਣੇ ਆਪ ਵਿੱਚ ਬਹੁਤ ਵੱਡਾ ਹੈ। ਯੋਗ ਪ੍ਰੰਪਰਾ ਨੂੰ ਲੈ ਕੇ ਕਈ ਇਤਿਹਾਸਕ ਪਹਿਲੂਆਂ ਤੇ ਗੱਲਬਾਤ ਕੀਤੀ ਗਈ ਹੈ।

ਪੁਸਤਕ ਦੇ ਕਰਤਾ ਡਾਕਟਰ ਦਯਾ ਸਿੰਘ ਪੰਜਾਬੀ ਨੇ ਦੱਸਿਆ ਕਿ ਯੋਗ ਪ੍ਰੰਪਰਾ ਸਨਾਤਨਵਾਦ ਦਾ ਹਿੱਸਾ ਹੈ। ਇਸ ਪ੍ਰੰਪਰਾ ਨੇ ਇਤਿਹਾਸ ਦੇ ਵਿਚ ਹਰ ਧਰਮ ਅਤੇ ਹਰ ਸੰਪਰਦਾਇ ਤੇ ਪ੍ਰਭਾਵ ਪਾਇਆ ਹੈ। ਮੁੱਢਲੇ ਰੂਪ ਵਿੱਚ ਇਹ ਕਿਤਾਬ ਗੁਰਮੁਖੀ ਵਿਚ ਛਪੀ ਹੈ। ਬਹੁਤ ਹੀ ਜਲਦੀ ਦੇਵਨਾਗਰੀ ਵਿੱਚ ਵੀ ਆਏਗੀ। ਇਸ ਰਸਮ ਦੌਰਾਨ ਡੇਰੇ ਨਾਲ ਜੁੜੇ ਸਮਾਜ ਸੇਵੀ ਬਲਵਿੰਦਰ ਸਿੰਘ ਸਰਾਂ ਅਤੇ ਜਗਸੀਰ ਸਿੰਘ ਰਹਿਲ ਮੌਜੂਦ ਰਹੇ।

# ਸੇਲਕੀਆਣਾ ਵਾਸੀਆਂ ਨੇ ਸ਼ਰਾਬ ਦਾ ਠੇਕਾ ਬੰਦ ਕਰਵਾਉਣ ਲਈ ਦਿੱਤਾ ਠੇਕੇ ਅੱਗੇ ਧਰਨਾ

## ਅੱਜ ਧਰਨਾ ਦੂਸਰੇ ਦਿਨ 'ਚ ਦਾਖਲ*ਪਿੰਡ ਵਾਸੀਆਂ ਦਾ ਕਹਿਣਾ-ਸ਼ਰਾਬ ਦਾ ਠੇਕਾ ਚੁੱਕਣ ਤੱਕ ਅਣਮਿੱਥੇ ਸਮੇਂ ਲਈ ਚੱਲੇਗਾ ਧਰਨਾ



**ਫਿਲੌਰ/ਅੱਪਰਾ-(ਦੀਪਾ)**- ਨਜ਼ਦੀਕੀ ਪਿੰਡ ਸੇਲਕੀਆਣਾ ਦੀ ਪੰਚਾਇਤ ਅਤੇ ਪਿੰਡ ਵਾਸੀਆਂ ਨੇ ਠੇਕਾ ਬੰਦ ਕਰਵਾਉਣ ਲਈ ਠੇਕੇ ਅੱਗੇ ਧਰਨਾ ਲਾਇਆ । ਇਸ ਸਬੰਧੀ ਜਾਣਕਾਰੀ ਦਿੰਦਿਆਂ ਪਿੰਡ ਵਾਸੀਆਂ ਨੇ ਦੱਸਿਆ ਕਿ ਅਸੀਂ ਇਸ ਠੇਕੇ ਕਰਕੇ ਬਹੁਤ ਦੁੱਖੀ ਹਾਂ ਕਿਉਂ ਕਿ ਸ਼ਰਾਬੀ ਸ਼ਰਾਬ ਪੀ ਕੇ ਅਕਸਰ ਇੱਥੇ ਹੱਲਾ ਗੁਲਾ ਕਰਦੇ ਰਹਿੰਦੇ ਨੇ ਅਤੇ ਗੰਦੀਆਂ ਗੰਦੀਆਂ ਗਾਲ੍ਹਾਂ ਕੱਢਦੇ ਰਹਿੰਦੇ ਹਨ ਜਿਸ ਕਰਕੇ ਔਰਤਾਂ ਅਤੇ ਸਕੂਲ ਦੇ ਬੱਚਿਆਂ ਦਾ ਆਉਣਾ ਜਾਣਾ ਵੀ ਔਖਾ ਹੋ ਗਿਆ ਹੈ। ਇਹ ਠੇਕਾ ਬੰਦ ਕਰਵਾਉਣ ਸਬੰਧੀ ਡੀ, ਸੀ ਜਲੰਧਰ ਅਤੇ ਐਸ, ਡੀ ਐਮ ਫਿਲੌਰ ਨੂੰ ਕਈ ਵਾਰੀ ਲਿਖਤੀ ਦਰਖ਼ਾਸਤ ਦੇ ਚੁੱਕੇ ਹਾਂ ਪਰ ਕੋਈ ਕਾਰਵਾਈ ਨਹੀਂ ਹੋਈ ਇਸ ਕਰਕੇ ਪਿੰਡ ਵਾਸੀਆਂ ਨੇ ਅਣਮਿਥੇ ਸਮੇਂ ਲਈ ਠੇਕਾ ਬੰਦ ਕਰਵਾਉਣ ਲਈ ਧਰਨਾ ਲਾਇਆ ਹੈ, ਠੇਕਾ ਬੰਦ ਹੋਣ ਤੱਕ ਇਹ ਧਰਨਾ ਜ਼ਾਰੀ ਰਹੇਗਾ । ਇਸ ਸਮੇਂ ਸਰਪੰਚ ਜੋਗਿੰਦਰ ਰਾਮ ਸੇਲਕੀਆਣਾ, ਸਰਪੰਚ ਗੁਰਵਿੰਦਰ ਰਾਮ ਦਿਆਲਪੁਰ, ਪੰਚ ਸੱਤਪਾਲ, ਪੰਚ ਰਵੀ ਕੁਮਾਰ, ਪੰਚ ਦਵਿੰਦਰ ਕੁਮਾਰ, ਬਿੱਟੂ, ਸੋਢੀ, ਬਲਕਾਰ, ਮਨਜੀਤ, ਸ਼ਿੰਗਾਰਾ, ਮੱਖਣ, ਮਨਜੀਤ ਸਿੰਘ ਪੰਚ, ਜੈਲਾ ਪੰਚ, ਕਾਲਾ, ਹਰਮੇਸ਼ ਲਾਲ ਆਦਿ ਹਾਜ਼ਿਰ ਸਨ ।

# ਆਕਸਫੋਰਡ ਸ਼ਾਈਨ ਇੰਟਰਨੈਸ਼ਨਲ ਸਕੂਲ ਵਿਖੇ 'ਸੁੰਹ ਚੁੱਕ ਰਸਮ' ਆਯੋਜਿਤ



**ਫਿਲੌਰ/ਅੱਪਰਾ (ਦੀਪਾ)**- ਸਥਾਨਕ ਆਕਸਫੋਰਡ ਸ਼ਾਈਨ ਇੰਟਰਨੈਸ਼ਨਲ ਸਕੂਲ ਅੱਪਰਾ ਵਿਖੇ ਪ੍ਰਿੰਸੀਪਲ ਕੁਰਨੇਸ਼ ਨੰਦਾ ਤੇ ਸਕੂਲ ਦੇ ਡਾਇਰੈਕਟਰ ਸੰਦੀਪ ਰਾਣਾ ਦੀ ਅਗਵਾਈ ਹੇਠ ਸਕੂਲ 'ਚ 'ਸੁੰਹ ਚੁੱਕ ਰਸਮ' ਆਯੋਜਿਤ ਕੀਤੀ ਗਈ । ਇਸ ਮੌਕੇ ਸਾਰੇ ਵਿਦਿਆਰਥੀਆਂ 'ਚ ਯੋਗਤਾ ਦੇ ਆਧਾਰ 'ਤੇ ਹੈੱਡ ਬੁਆਏ ਤੇ ਹੈੱਡ ਗਰਲ ਚੁਣਿਆ ਗਿਆ । ਇਸ ਮੌਕੇ ਸਕੂਲ ਦੇ ਹੈੱਡ ਬੁਆਏ ਵਜੋਂ ਅਰੁਣ ਜਨਾਗਲ ਤੇ ਹੈੱਡ ਗਰਲ ਦੇ ਤੌਰ 'ਤੇ ਮਨੀਸ਼ਾ ਨੂੰ ਚੁਣਿਆ ਗਿਆ । ਇਸਦੇ ਨਾਲ ਹੀ ਗੁਰਮਾਨ ਸਿੰਘ ਤੇ ਜਸਦੀਪ ਕੌਰ ਨੂੰ ਕਵੀਨਰ ਖਿਤਾਬ ਲਈ ਚੁਣਿਆ ਗਿਆ । ਇਸ ਮੌਕੇ ਵੱਖ ਵੱਖ ਹਾਊਸ, ਫੇਅਰੀ ਫਿਨੇਕਸ, ਏਅਰ ਡ੍ਰੇਗਨ, ਅਰਥ ਫਰੋਗਜ਼ ਤੇ ਵਾਟਰ ਵੋਲਵੋਜ਼ ਬਣਾਏ ਗਏ । ਸਮਾਗਮ ਦੌਰਾਨ ਚੁਣੇ ਗਏ ਵਿਦਿਆਰਥੀਆਂ ਨੂੰ ਬੈਜ ਲਗਾ ਕੇ ਸਨਮਾਨਿਤ ਕੀਤਾ ਗਿਆ ਤੇ ਉਨਾਂ ਦੀ ਸੁੰਹ ਚੁੱਕ ਰਸਮ ਵੀ ਕਰਵਾਈ ਗਈ । ਇਸ ਮੌਕੇ ਉਨਾਂ ਭਵਿੱਖ 'ਚ ਹੋਣ ਵਾਲੀਆਂ ਵਿੱਦਿਅਕ ਜਿੰਮੇਵਾਰੀਆਂ ਨੂੰ ਪੂਰੀ ਜਿੰਮੇਵਾਰੀ ਨਾਲ ਨਿਭਾਉਣ ਦਾ ਪ੍ਰਣ ਲਿਆ । ਇਸ ਮੌਕੇ ਨਵੇਂ ਚੁਣੇ ਗਏ ਵਿਦਿਆਰਥੀਆਂ ਨੇ ਪ੍ਰਬੰਧਕ ਕਮੇਟੀ, ਪ੍ਰਿੰਸੀਪਲ ਸਾਹਿਬ ਤੇ ਸਕੂਲ ਸਟਾਫ਼ ਦਾ ਧੰਨਵਾਦ ਕੀਤਾ । ਇਸ ਮੌਕੇ ਸ੍ਰੀਮਤੀ ਅਮਨਦੀਪ ਕੌਰ, ਨੇਹਾ, ਮਮਤਾ, ਮਨੀਸ਼ਾ, ਸੀਮਾ, ਪ੍ਰਭਜੋਤ ਕੌਰ, ਪਰਮਜੀਤ ਕੌਰ, ਮਨਜੀਤ ਕੌਰ, ਸੋਨੀਆ, ਮਨਪ੍ਰੀਤ ਕੌਰਸੁਖਜੀਤ ਕੌਰ, ਰਮਨ ਤੇ ਸਮੂਹ ਵਿਦਿਆਰਥੀ ਹਾਜ਼ਰ ਸਨ ।

# ਸਬ ਇੰਸਪੈਕਟਰ ਨਿਰਮਲ ਸਿੰਘ ਨੇ ਪੁਲਿਸ ਚੌਂਕੀ ਅੱਪਰਾ ਦਾ ਅਹੁਦਾ ਸੰਭਾਲਿਆ



**ਫਿਲੌਰ/ਅੱਪਰਾ (ਦੀਪਾ)**-ਸਬ ਇੰਸਪੈਕਟਰ ਨਿਰਮਲ ਸਿੰਘ ਨੇ ਅੱਜ ਪੁਲਿਸ ਚੌਂਕੀ ਅੱਪਰਾ ਦਾ ਅਹੁਦਾ ਸੰਭਾਲ ਲਿਆ । ਉਹ ਪਹਿਲਾਂ ਵੀ ਪੁਲਿਸ ਚੌਂਕੀ ਅੱਪਰਾ ਵਿਖੇ ਸੇਵਾ ਨਿਭਾ ਚੁੱਕੇ ਹਨ । ਇਸ ਮੌਕੇ ਬੋਲਦਿਆਂ ਉਨਾਂ ਕਿਹਾ ਕਿ ਇਲਾਕੇ ਦੇ ਨਸ਼ਾ ਤਸਕਰ ਤੇ ਮਾੜੇ ਅਨਸਰ ਸੁਧਰ ਜਾਣ ਨਹੀਂ ਤਾਂ ਉਨਾਂ ਦਾ ਅਸਲੀ ਟਿਕਾਣਾ ਜੇਲ ਹੋਵੇਗੀ । ਉਨਾਂ ਨੌਜਵਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਬਿਨਾਂ ਕਿਸੇ ਕੰਮ ਕਾਰ ਤੋਂ ਬਜ਼ਾਰਾਂ 'ਚ ਗੇੜੀਅ ਨਾ ਮਾਰਨ ਤੇ ਆਪਣੇ ਵਹੀਕਲਾਂ ਦੇ ਪੂਰੇ ਕਾਗਜ਼ਾਤ ਰੱਖਣ । ਨਾਲ ਹੀ ਉਨਾਂ ਕਿਹਾ ਕਿ ਸ਼ੋਰ ਪ੍ਰਦੂਸ਼ਣ ਪੈਦਾ ਕਰਨ ਵਾਲੇ ਵਹੀਕਲਾਂ ਦੇ ਵੀ ਆਉਣ ਵਾਲੇ ਦਿਨਾਂ 'ਚ ਚਲਾਨ ਕੱਟੇ ਜਾਣਗੇ ।

# "ਪੰਜਾਬ ਸੰਭਾਲੋ ਮੁਹਿੰਮ" ਦੇ ਤਹਿਤ ਬਸਪਾ ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਕਰੇਗੀ - ਐਡਵੋਕੇਟ ਪਲਵਿੰਦਰ ਮਾਨਾ



**ਚੱਬੇਵਾਲ ( ਚਰਨਜੀਤ ਸੱਲ੍ਹਾਂ )** ਪਿੰਡ ਮੇਹਟੀਆਣਾ ਹਲਕਾ ਚੱਬੇਵਾਲ ਵਿਖੇ ਮੀਟਿੰਗ ਕੀਤੀ ਗਈ ਜਿਸ ਦੇ ਵਿੱਚ ਵਿਸੇਸ ਤੌਰ ਤੇ ਹਲਕਾ ਚੱਬੇਵਾਲ ਦੇ ਇੰਚਾਰਜ ਐਡਵੋਕੇਟ ਪਲਵਿੰਦਰ ਮਾਨਾ ਜੀ, ਸੁਦੇਸ ਭੱਟੀ ਜੀ ਹਲਕਾ ਵਾਇਸ ਪ੍ਰਧਾਨ ਜੀ ਵਿਸੇਸ ਤੌਰ ਤੇ ਪੁਹਚੇ ਇਹ ਮੀਟਿੰਗ ਪੰਜਾਬ ਸਭਾਲੋ ਮੁਹਿੰਮ ਦੇ ਤਹਿਤ ਮਿਤੀ 22-5-2025 ਨੂੰ ਹੋਣ ਵਾਲੇ ਜਿਲਾ ਪੱਧਰੀ ਰੋਸ ਪ੍ਰਦਰਸ਼ਨ ਦੇ ਸਬੰਧ ਵਿੱਚ ਕੀਤੀ ਗਈ ਹੈ, ਜੋ ਕਿ ਬਹੁਜਨ ਸਮਾਜ ਪਾਰਟੀ ਵੱਲੋ ਪੂਰੇ ਪੰਜਾਬ ਦੇ ਅੰਦਰ ਇਹ ਰੋਸ ਪ੍ਰਦਰਸਨ ਡਰੱਗ ਮਾਫੀਆ ਅਤੇ ਪੰਜਾਬ ਸਰਕਾਰ ਦੇ ਖਿਲਾਫ ਕੀਤਾ ਜਾ ਰਿਆ ਹੈ ਜਿਸ ਦੇ ਸਬੰਧ ਵਿੱਚ ਆਏ ਹੋਏ ਆਗੂਆ ਨੇ ਲੋਕਾਂ ਨੂੰ ਲਾਮਬੰਦ ਕੀਤਾ ਤੇ ਵੱਡੀ ਗਿਣਤੀ ਦੇ ਵਿੱਚ ਮਿਤੀ 22-5-2025 ਨੂੰ ਸਹੀਦ ਊਧਮ ਸਿੰਘ ਪਾਰਕ ਹੁਸ਼ਿਆਰਪੁਰ ਵਿਖ਼ੇ ਠੀਕ 10.00 ਵਜੇ ਸਵੇਰੇ ਪੋਹਚਣ ਦੀ ਅਪੀਲ ਕੀਤੀ ਅਤੇ ਪਿੰਡ ਮੇਹਟੀਆਣਾ ਦੇ ਸਾਥੀਆ ਨੇ ਵਿਸ਼ਵਾਸ ਦੁਆਇਆ ਕਿ ਵੱਡੀ ਗਿਣਤੀ ਦੇ ਵਿੱਚ ਪਿੰਡ ਮੇਹਟੀਆਣਾ ਤੋ ਵੱਡੀ ਗੱਡੀ ਦਾ ਪਰਬੰਧ ਕਰ ਕੇ ਸਾਥੀ ਪਹੁਚਣ ਗੇ ਤੇ ਹੋਰ ਵੀ ਪਿੰਡ ਮੁਖਲਿਆਣਾ ਪਿੰਡ ਸਿਬਲੀ ਪਿੰਡ ਡਵਿਡਾ ਅਹਰਿਆਣਾ ਅਤੇ ਪਿੰਡ ਭੂੰਗਰਨੀ ਤੋ ਆਏ ਹੋਏ ਸਾਥੀਆ ਨੇ ਵੀ ਵੱਧ ਤੋ ਵੱਧ ਸਾਥੀ ਲਿਆਉਣ ਦਾ ਵਿਸ਼ਵਾਸ ਦਿਵਾਇਆ ੀ ਐਡਵੋਕੇਟ ਮਾਨਾ ਜੀ ਕਿਹਾ ਕੇ 2027 ਤੱਕ ਬਸਪਾ ਜਮੀਨੀ ਪੱਧਰ ਤੇ ਡਰੱਗ ਮਾਫੀਆ ਦੇ ਖਿਲਾਫ ਸੰਘਰਸ਼ ਕਰੇਗੀ ਅਤੇ ਬਸਪਾ ਨਵੇਂ ਪੰਜਾਬ, ਨਸ਼ਾ ਮੁਕਤ ਪੰਜਾਬ ਦੀ ਸਿਰਜਣਾ ਕਰੇਗੀ ੀ ਇਸ ਮੌਕੇ ਐਡਵੋਕੇਟ ਮਾਨਾ ਜੀ ਨੇ ਪਿੰਡ ਮੇਹਟਿਆਨੇ ਦਾਂ ਬਸਪਾ ਦਾਂ ਯੂਨਿਟ ਬਨਾਉਂਦੇ ਹੋਏ ਬੂਥ ਕਮੇਟੀ ਦਾਂ ਗਠਨ ਕੀਤਾ ੀ ਇਸ ਮੌਕੇ ਹਾਜ਼ਰ ਸਾਥੀਆ ਵਿੱਚ ਬਾਬੂ ਰੋਸ਼ਨ ਲਾਲ ਜੀ, ਰਿੱਕੀ ਮੁਖਲਿਆਣਾ, ਇੰਦਰਪਾਲ ਭੂੰਗਰਨੀ, ਸੰਜੀਵ ਕੁਮਾਰ ਡਵਿਡਾ ਅਹਿਆਰਨਾ, ਮਾਸਟਰ ਸਤਨਾਮ ਸਿੰਘ, ਜਸਵੀਰ ਸਿੰਘ ਜੀ ਦਵਿੰਦਰ ਪਾਲ ਸਿੰਘ ਜੀ ਤੇਜ ਪਾਲ ਚਚਲ ਸਿੰਘ ਅਮਰਜੀਤ ਸਿੰਘ ਸ ਗੁਰਦੇਵ ਸਿੰਘ ਖਾਲਸਾ ਜੀ ਤੇ ਹੋਰ ਵੀ ਵੱਡੀ ਗਿਣਤੀ ਦੇ ਵਿੱਚ ਬੀਬੀਆ ਅਤੇ ਬਜ਼ੁਰਗ ਵੀ ਹਾਜ਼ਰ ਸਨ।

# ਇਲੈਕਟ੍ਰਿਕ ਵਾਹਨ ਕ੍ਰਾਂਤੀ: ਫਾਇਦੇ ਅਤੇ ਨੁਕਸਾਨਾਂ ਦਾ ਮੁਲਾਂਕਣ

ਜਗਤ ਸਥਾਈ ਆਵਾਜਾਈ ਹੱਲਾਂ ਦੀ ਖੋਜ ਕਰ ਰਿਹਾ ਹੈ ਉਸ ਸਮੇਂ ਇਲੈਕਟ੍ਰਿਕ ਵਾਹਨ (EVs) ਆਧੁਨਿਕ ਆਵਾਜਾਈ ਦੇ ਭਵਿੱਖ ਬਾਰੇ ਗੱਲਾਂ ਵਿੱਚ ਕੇਂਦਰ ਬਿੰਦੂ ਬਣ ਗਏ ਹਨ। ਜਦੋਂ ਕਿ ਮੌਜੂਦਾ ਸਮੇਂ ਵਿੱਚ ਮੌਸਮ ਦੇ ਬਦਲਾਅ, ਹਵਾ ਦੇ ਪ੍ਰਦੂਸ਼ਣ ਅਤੇ ਫੌਸਿਲ ਇੰਧਨਾਂ 'ਤੇ ਨਿਰਭਰਤਾ ਕਾਰਨ ਚਿੰਤਾਵਾਂ ਵਧ ਰਹੀਆਂ ਹਨ । ਬਹੁਤ ਸਾਰੇ ਉਪਭੋਗਤਾ ਅਤੇ ਸਰਕਾਰਾਂ ਇਲੈਕਟ੍ਰਿਕ ਵਾਹਨਾਂ ਨੂੰ ਇੱਕ ਵਿਕਲਪ ਵਜੋਂ ਅਪਣਾਉਣ ਲਈ ਰੁਝਾਨ ਕਰ ਰਹੀਆਂ ਹਨ। ਹਾਲਾਂਕਿ ਇਲੈਕਟ੍ਰਿਕ ਵਾਹਨਾਂ ਦੇ ਫਾਇਦੇ ਅਕਸਰ ਉਜਾਗਰ ਕੀਤੇ ਜਾਂਦੇ ਹਨ ਪਰ ਕੁਝ ਮਹੱਤਵਪੂਰਨ ਚੁਣੌਤੀਆਂ ਵੀ ਹਨ ਜੋ ਸਾਹਮਣੇ ਆਉਣੀਆਂ ਹਨ। ਇਹ ਲੇਖ ਇਲੈਕਟ੍ਰਿਕ ਵਾਹਨਾਂ ਦੇ ਫਾਇਦੇ ਅਤੇ ਨੁਕਸਾਨਾਂ ਦੀ ਜਾਂਚ ਕਰਦਾ ਹੈ ਤਾਂ ਜੋ ਆਧੁਨਿਕ ਆਵਾਜਾਈ ਵਿੱਚ ਉਨ੍ਹਾਂ ਦੀ ਭੂਮਿਕਾ 'ਤੇ ਇੱਕ ਸੰਤੁਲਿਤ ਦ੍ਰਿਸ਼ਟੀਕੋਣ ਪ੍ਰਦਾਨ ਕੀਤਾ ਜਾ ਸਕੇ।

**ਇਲੈਕਟ੍ਰਿਕ ਵਾਹਨਾਂ ਦੇ ਫਾਇਦੇ**

1. ਵਾਤਾਵਰਣੀ ਫਾਇਦੇ: EVs ਲਈ ਸਭ ਤੋਂ ਪ੍ਰਭਾਵਸ਼ਾਲੀ ਦਲੀਲਾਂ ਵਿੱਚੋਂ ਇੱਕ ਇਹ ਹੈ ਕਿ ਇਹ ਗ੍ਰੀਨਹਾਊਸ ਗੈਸਾਂ ਦੇ ਉਤਸਰਜਨ ਨੂੰ ਘਟਾਉਣ ਦੀ ਸਮਰਥਾ ਰੱਖਦੇ ਹਨ। ਰਵਾਇਤੀ ਗੈਸੋਲਿਨ-ਚਲਿਤ ਕਾਰਾਂ ਦੇ ਮੁਕਾਬਲੇ, ਇਲੈਕਟ੍ਰਿਕ ਵਾਹਨ ਕੋਈ ਟੇਲਪਾਈਪ ਉਤਸਰਜਨ ਨਹੀਂ ਉਤਪੰਨ ਕਰਦੇ, ਜਿਸ ਨਾਲ ਹਵਾ ਸਾਫ ਹੋਣ ਅਤੇ ਸ਼ਹਿਰ ਦੇ ਪ੍ਰਦੂਸ਼ਣ ਵਿੱਚ ਕਮੀ ਆਉਂਦੀ ਹੈ। ਜੇਕਰ ਇਹ ਨਵੀਨੀਕਰਨਯੋਗ ਊਰਜਾ ਸਰੋਤਾਂ ਦੀ ਵਰਤੋਂ ਨਾਲ ਚਾਰਜ ਕੀਤੇ ਜਾਣ, ਤਾਂ ਓੜਸ ਦਾ ਕੁੱਲ ਕਾਰਬਨ ਪਦਚਿੰਨ੍ਹ ਰਵਾਇਤੀ ਵਾਹਨਾਂ ਦੇ ਮੁਕਾਬਲੇ ਕਾਫੀ ਘੱਟ ਹੋ ਸਕਦਾ ਹੈ।

**2. ਘੱਟ ਓਪਰੇਟਿੰਗ ਖਰਚ:** ਇਲੈਕਟ੍ਰਿਕ ਵਾਹਨ ਆਮ ਤੌਰ 'ਤੇ ਆਪਣੇ ਗੈਸੋਲਿਨ ਸਮਕਾਲੀ ਵਾਹਨਾਂ ਦੀ ਤੁਲਨਾ ਵਿੱਚ ਘੱਟ ਓਪਰੇਟਿੰਗ ਖਰਚ ਰੱਖਦੇ ਹਨ। ਬਿਜਲੀ ਆਮ ਤੌਰ 'ਤੇ ਗੈਸ ਤੋਂ ਸਸਤੀ ਹੁੰਦੀ ਹੈ ਅਤੇ ਓੜਸ ਨੂੰ ਘੱਟ ਰਖ-ਰਖਾਅ ਦੀ ਲੋੜ ਹੁੰਦੀ ਹੈ ਕਿਉਂਕਿ ਇਸ ਵਿੱਚ ਘੱਟ ਚਲਣ ਵਾਲੇ ਹਿੱਸੇ ਹੁੰਦੇ ਹਨ ਅਤੇ ਕੋਈ ਤੇਲ ਬਦਲਣ ਦੀ ਲੋੜ ਨਹੀਂ ਹੁੰਦੀ। ਇਸ ਨਾਲ ਵਾਹਨ ਦੀ ਜੀਵਨਕਾਲ ਵਿਚ ਮਹੱਤਵਪੂਰਨ ਬਚਤ ਹੋ ਸਕਦੀ ਹੈ।

3. ਸਰਕਾਰੀ ਪ੍ਰੋਤਸਾਹਨ: ਦੁਨੀਆ ਭਰ ਦੀਆਂ ਬਹੁਤ ਸਾਰੀਆਂ ਸਰਕਾਰਾਂ ਇਲੈਕਟ੍ਰਿਕ ਵਾਹਨਾਂ ਦੇ ਅਪਣਾਅ ਨੂੰ ਉਤਸ਼ਾਹਿਤ ਕਰਨ ਲਈ ਪ੍ਰੋਤਸਾਹਨ ਦਿੰਦੇ ਹਨ। ਇਹ ਟੈਕਸ ਕਰੈਡਿਟ, ਛੂਟਾਂ, ਅਤੇ ਗ੍ਰਾਂਟਾਂ ਸ਼ਾਮਲ ਹੋ ਸਕਦੀਆਂ ਹਨ, ਜੋ ਉਪਭੋਗਤਾਵਾਂ ਲਈ ਓੜਸ ਨੂੰ ਵੱਧ ਕਿਫਾਇਤੀ ਬਣਾਉਂਦੀਆਂ ਹਨ। ਇਸ ਤੋਂ ਇਲਾਵਾ, ਕੁਝ ਖੇਤਰ ਕਾਰਪੂਲ ਲੇਨਾਂ ਜਾਂ ਘੱਟ ਰਜਿਸਟਰੇਸ਼ਨ ਫੀਸ ਵਰਗੀਆਂ ਲਾਭਾਂ ਦੀ ਵੀ ਪੇਸ਼ਕਸ਼ ਕੀਤੀ ਜਾਂਦੀ ਹੈ।

**4. ਤਕਨੀਕੀ ਉਨਤੀ:** EV ਮਾਰਕੀਟ ਤੇਜ਼ੀ ਨਾਲ ਵਿਕਾਸ ਕਰ ਰਹੀ ਹੈ, ਨਿਰਮਾਤਾ ਬੈਟਰੀ ਤਕਨੀਕ, ਚਾਰਜਿੰਗ ਢਾਂਚਾ, ਅਤੇ ਵਾਹਨ ਦੇ ਪ੍ਰਦਰਸ਼ਨ ਨੂੰ ਸੁਧਾਰ ਰਹੇ ਹਨ। ਤੇਜ਼ ਚਾਰਜਿੰਗ ਸਟੇਸ਼ਨਾਂ ਅਤੇ ਲੰਬੀ ਰੇਂਜ ਵਾਲੀਆਂ ਬੈਟਰੀਆਂ ਵਰਗੀਆਂ ਨਵੀਨਤਾਵਾਂ ਇਲੈਕਟ੍ਰਿਕ ਵਾਹਨਾਂ ਨੂੰ ਹੋਰ ਪ੍ਰਯੋਗਯੋਗ ਅਤੇ ਵਿਸ਼ਾਲ ਦਰਸ਼ਕਾਂ ਲਈ ਆਕਰਸ਼ਕ ਬਣਾਉਂਦੀਆਂ ਹਨ।

**5. ਊਰਜਾ ਸੁਤੰਤਰਤਾ:** ਇਲੈਕਟ੍ਰਿਕ ਵਾਹਨਾਂ ਨੂੰ ਉਤਸ਼ਾਹਿਤ ਕਰਕੇ, ਦੇਸ਼ ਆਪਣੇ ਆਯਾਤ ਕੀਤੇ ਤੇਲ 'ਤੇ ਨਿਰਭਰਤਾ ਘਟਾ ਸਕਦੇ ਹਨ ਅਤੇ ਊਰਜਾ ਸੁਰੱਖਿਆ ਨੂੰ ਵਧਾ ਸਕਦੇ ਹਨ। ਜਿਵੇਂ ਜਿਵੇਂ ਹੋਰ ਨਵੀਨੀਕਰਨਯੋਗ ਊਰਜਾ ਸਰੋਤਾਂ ਨੂੰ ਗ੍ਰਿਡ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ, ਫੌਸਿਲ ਇੰਧਨਾਂ 'ਤੇ ਨਿਰਭਰਤਾ ਘੱਟ ਹੁੰਦੀ ਹੈ, ਜੋ ਕਿ ਇੱਕ ਜ਼ਿਆਦਾ ਸਥਾਈ ਊਰਜਾ ਭਵਿੱਖ ਵਿੱਚ ਯੋਗਦਾਨ ਪਾਉਂਦੀ ਹੈ।

**ਇਲੈਕਟ੍ਰਿਕ ਵਾਹਨਾਂ ਦੇ ਨੁਕਸਾਨ**

1. ਰੇਂਜ ਚਿੰਤਾ: ਸੰਭਾਵਿਤ ਓੜ ਮਾਲਿਕਾਂ ਲਈ ਇੱਕ ਮੁੱਖ ਚਿੰਤਾ ਰੇਂਜ ਚਿੰਤਾ ਹੈ—ਚਾਰਜਿੰਗ ਸਟੇਸ਼ਨ ਤੱਕ ਪਹੁੰਚਣ ਤੋਂ ਪਹਿਲਾਂ ਬੈਟਰੀ ਪਾਵਰ ਖਤਮ ਹੋ ਜਾਣ ਦਾ ਡਰ। ਹਾਲਾਂਕਿ ਬੈਟਰੀ ਤਕਨੀਕ ਵਿੱਚ ਸੁਧਾਰ ਨੇ ਰੇਂਜ ਨੂੰ ਬਿਹਤਰ ਕੀਤਾ ਹੈ ਪਰ ਬਹੁਤ ਸਾਰੇ ਉਪਭੋਗਤਾ ਚਾਰਜਿੰਗ ਢਾਂਚੇ ਦੀ ਉਪਲਬਧਤਾ ਬਾਰੇ ਚਿੰਤਿਤ ਰਹਿੰਦੇ ਹਨ, ਖਾਸ ਕਰਕੇ ਪਿੰਡਾਂ ਵਿੱਚ।

2. ਚਾਰਜਿੰਗ ਸਮਾਂ: ਗੈਸੋਲਿਨ ਵਾਹਨ ਨੂੰ ਫਿਰ ਤੋਂ ਭਰਨ ਦੀ ਤੁਲਨਾ ਵਿੱਚ ਇੱਕ ਇਲੈਕਟ੍ਰਿਕ ਵਾਹਨ ਨੂੰ ਚਾਰਜ ਕਰਨ ਵਿੱਚ ਕਾਫੀ ਜਿਆਦਾ ਸਮਾਂ ਲੱਗ ਸਕਦਾ ਹੈ। ਜਦੋਂ ਕਿ ਤੇਜ਼ ਚਾਰਜਰ 30 ਮਿੰਟ ਵਿਚ 80% ਚਾਰਜ ਪ੍ਰਦਾਨ ਕਰ ਸਕਦੇ ਹਨ ਸਧਾਰਣ ਘਰੇਲੂ ਚਾਰਜਰ ਨੂੰ ਕਈ ਘੰਟੇ ਲੱਗ ਸਕਦੇ ਹਨ। ਇਹ ਉਹਨਾਂ ਡ੍ਰਾਈਵਰਾਂ ਲਈ ਅਸੁਵਿਧਾਜਨਕ ਹੋ ਸਕਦਾ ਹੈ ਜੋ ਤੇਜ਼ ਫਿਰ ਤੋਂ ਭਰਨ ਦੀ ਪ੍ਰਕਿਰਿਆ ਦੇ ਆਦਤੀ ਹੁੰਦੇ ਹਨ।

3. ਅੱਗੇ ਦਾ ਖਰਚ: ਹਾਲਾਂਕਿ ਓਪਰੇਟਿੰਗ ਖਰਚ ਘੱਟ ਹੁੰਦੇ ਹਨ, ਪਰ ਇਲੈਕਟ੍ਰਿਕ ਵਾਹਨਾਂ ਦੀ ਸ਼ੁਰੂਆਤੀ ਖਰੀਦਦੀ ਕੀਮਤ ਰਵਾਇਤੀ ਕਾਰਾਂ ਦੀ ਤੁਲਨਾ ਵਿੱਚ ਉੱਚੀ ਹੋ ਸਕਦੀ ਹੈ। ਜਦੋਂ ਕਿ ਸਰਕਾਰੀ ਪ੍ਰੋਤਸਾਹਨ ਇਸ ਖਰਚ ਨੂੰ ਘੱਟ ਕਰਨ ਵਿੱਚ ਮਦਦ ਕਰ ਸਕਦੇ ਹਨ ਪਰ ਉੱਚੀ ਕੀਮਤ ਕੁਝ ਖਰੀਦਦਾਰਾਂ ਨੂੰ ਬਦਲਾਅ ਕਰਨ ਤੋਂ ਰੋਕ ਸਕਦੀ ਹੈ।

4. ਬੈਟਰੀ ਉਤਪਾਦਨ ਅਤੇ ਨਿਸ਼ਾਨ: ਓੜਸ ਵਿੱਚ ਵਰਤੀ ਜਾਣ ਵਾਲੀਆਂ ਲਿਥੀਅਮ-ਆਇਓਨ ਬੈਟਰੀਆਂ ਦੇ ਉਤਪਾਦਨ ਨੇ ਖਾਣੀ ਕਾਰਜ ਅਤੇ ਸਰੋਤ ਦੇ ਘਾਟ ਦੇ ਕਾਰਨਾਂ ਕਾਰਨ ਵਾਤਾਵਰਣੀ ਚਿੰਤਾਵਾਂ ਉਠਾਈਆਂ ਹਨ। ਇਸ ਤੋਂ ਇਲਾਵਾ, ਬੈਟਰੀਆਂ ਦੀ ਨਿਸ਼ਾਨ ਅਤੇ ਰੀਸਾਈਕਲਿੰਗ ਕੁਝ ਚੁਣੌਤੀਆਂ ਪੈਦਾ ਕਰਦੀ ਹੈ ਜੋ ਵਾਤਾਵਰਣੀ ਪ੍ਰਭਾਵ ਨੂੰ ਘੱਟ ਕਰਨ ਲਈ ਹੱਲ ਕੀਤੇ ਜਾਣੇ ਚਾਹੀਦੇ ਹਨ।

5. ਸੀਮਾ ਵਾਲੀ ਮਾਡਲ ਉਪਲਬਧਤਾ: ਹਾਲਾਂਕਿ ਇਲੈਕਟ੍ਰਿਕ ਵਾਹਨਾਂ ਦੇ ਮਾਡਲਾਂ ਦੀ ਵਰਾਇਟੀ ਵਧ ਰਹੀ ਹੈ ਪਰ ਉਪਭੋਗਤਾਵਾਂ ਨੂੰ ਰਵਾਇਤੀ ਗੈਸੋਲਿਨ ਵਾਹਨਾਂ ਦੀ ਤੁਲਨਾ ਵਿੱਚ ਕੁਝ ਸੀਮਿਤ ਵਿਕਲਪ ਮਿਲ ਸਕਦੇ ਹਨ। ਕੁਝ ਸ਼੍ਰੇਣੀਆਂ ਜਿਵੇਂ ਕਿ ਟਰੱਕ ਅਤੇ ਵੱਡੇ ਸ਼ੂੜ, ਕੋਲ ਇਲੈਕਟ੍ਰਿਕ ਵਿਕਲਪਾਂ ਦੀ ਘਾਟ ਹੁੰਦੀ ਹੈ, ਜੋ ਕਿ ਸਾਰੇ ਉਪਭੋਗਤਾਵਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਨਹੀਂ ਕਰ ਸਕਦੀਆਂ।

ਜਿਵੇਂ ਜਿਵੇਂ ਇਲੈਕਟ੍ਰਿਕ ਵਾਹਨ ਆਵਾਜਾਈ ਮਾਰਕੀਟ ਵਿੱਚ ਪ੍ਰਗਟੀ ਹੋ ਰਹੇ ਹਨ ਇਹ ਮਹੱਤਵਪੂਰਨ ਹੈ ਕਿ ਉਪਭੋਗਤਾ, ਨੀਤੀ-ਨਿਰਮਾਤਾ ਅਤੇ ਨਿਰਮਾਤਾ ਇਸ ਤਕਨੀਕੀ ਨਾਲ ਸੰਬੰਧਿਤ ਫਾਇਦੇ ਅਤੇ ਨੁਕ-ਸਾਨ ਦੋਹਾਂ 'ਤੇ ਵਿਚਾਰ ਕਰਨ। ਜਦੋਂ ਕਿ ਓੜਸ ਇੱਕ ਸਥਾਈ ਭਵਿੱਖ ਵੱਲ ਜਾਣ ਦਾ ਇੱਕ ਪ੍ਰਮੁੱਖ ਮਾਰਗ ਪ੍ਰਦਾਨ ਕਰਦੇ ਹਨ ਪਰ ਰੇਂਜ ਚਿੰਤਾ, ਚਾਰਜਿੰਗ ਢਾਂਚਾ, ਅਤੇ ਵਾਤਾਵਰਣੀ ਪ੍ਰਭਾਵ ਵਰਗੀਆਂ ਚੁਣੌਤੀਆਂ ਦਾ ਹੱਲ ਲੱਭਣਾ ਵਿਸ਼ਾਲ ਅਹਿਮੀਅਤ ਦਾ ਧਿਆਨ ਰੱਖਣਾ ਜ਼ਰੂਰੀ ਹੈ ਤਾਂ ਜੋ ਇਹਨਾਂ ਦਾ ਵਿਸ਼ਾਲ ਅਪਣਾਉਣਾ ਯਕੀਨੀ ਬਣਾਇਆ ਜਾ ਸਕੇ। ਜਿਵੇਂ ਜਿਵੇਂ ਤਕਨੀਕੀ ਸੁਧਾਰ ਹੁੰਦੇ ਰਹਿੰਦੇ ਹਨ ਅਤੇ ਜਾਗਰੂਕਤਾ ਵਧਦੀ ਹੈ, ਇਲੈਕਟ੍ਰਿਕ ਵਾਹਨ ਕ੍ਰਾਂਤੀ ਸੱਚਮੁੱਚ ਇੱਕ ਸਾਫ਼, ਹਰਿਆਲੀ ਧਰਤੀ ਲਈ ਰਾਸ਼ਟਰ ਬਣ ਸਕਦੀ ਹੈ।



ਸੁਰਿੰਦਰ ਪਾਲ ਸਿੰਘ
ਸ੍ਰੀ ਅੰਮ੍ਰਿਤਸਰ ਸਾਹਿਬ।

# ਜਿੰਦਗੀ ਨੂੰ ਸਿਹਤਮੰਦ ਬਣਾਉਣ ਵਾਲਾ ਨੌਜਵਾਨ : ਚੰਦਨ ਵਰਮਾ

ਕਹਾਵਤ ਹੈ ਕਿ "ਸਿਹਤ ਹੈ ਤਾਂ ਸੰਸਾਰ ਹੈ" ਤੇ ਇਹ ਕਹਾਵਤ ਜਦੋਂ ਹਕੀਕਤ ਬਣ ਜਾਵੇ ਤਾਂ ਜੀਵਨ ਸਚਮੁੱਚ ਸੁਖਮਈ ਹੋ ਜਾਂਦਾ ਹੈ। ਜਲੰਧਰ ਦੇ ਰਹਿਣ ਵਾਲੇ 33 ਸਾਲਾਂ ਨੌਜਵਾਨ ਚੰਦਨ ਵਰਮਾ ਇਸ ਗੱਲ ਦੇ ਜੀਵੰਤ ਉਦਾਹਰਨ ਹਨ। ਉਹ ਨਿਰੰਤਰ ਆਪਣੀ ਸਿਹਤ ਨੂੰ ਤਰੋਤਾਜਾ ਰੱਖਣ ਨਾਲ ਹੋਰਨਾਂ ਨੂੰ ਵੀ ਜਾਗਰੂਕ ਕਰਨ ਦੇ ਕੰਮ ’ਚ ਜੁਟੇ ਹੋਏ ਹਨ।



ਚੰਦਨ ਵਰਮਾ ਨੂੰ ਸਿਹਤ ਦੀ ਮੱਹਤਤਾ ਬਚਪਨ ਤੋਂ ਹੀ ਸਮਝ ਆ ਗਈ ਸੀ। ਇਹ ਸੰਸਕਾਰ ਉਨ੍ਹਾਂ ਨੂੰ ਆਪਣੇ ਪਿਤਾ ਰਾਮ ਸਰੂਪ ਵਰਮਾ ਕੋਲੋਂ ਵਿਰਾਸਤ ਵਜੋਂ ਮਿਲੇ। ਉਨ੍ਹਾਂ ਦੇ ਪਿਤਾ ਜੀ ਅਕਸਰ ਅਖਾੜੇ ਜਾਂਦੇ ਸਨ ਅਤੇ ਤੰਦਰੁਸਤੀ ਨੂੰ ਜੀਵਨ ਦੀ ਪਹਿਲੀ ਜ਼ਰੂਰਤ ਮੰਨਦੇ ਸਨ। ਇਹੀ ਰੂਚੀ ਚੰਦਨ ਦੇ ਜੀਵਨ ਦਾ ਹਿੱਸਾ ਵੀ ਬਣ ਗਈ।

ਪੇਸ਼ੇ ਤੋਂ ਪ੍ਰਿੰਟਿੰਗ ਪ੍ਰੈਸ ਦਾ ਕੰਮ ਕਰਦੇ ਹੋਏ ਅਤੇ ਨਸ਼ੇ-ਪੱਤੇ ਤੋਂ ਰਹਿਤ ਚੰਦਨ ਨੇ ਕਦੇ ਵੀ ਆਪਣੀ ਸਿਹਤ ਨਾਲ ਸਮਝੌਤਾ ਨਹੀਂ ਕੀਤਾ। ਉਹ ਲਗਭਗ 16 ਸਾਲਾਂ ਤੋਂ ਨਿਯਮਤ ਤੌਰ 'ਤੇ ਜਿਮ ਕਰ ਰਹੇ ਹਨ। ਜਦੋਂ ਕੋਵਿਡ ਮਹਾਮਾਰੀ ਆਈ ਅਤੇ ਜਿਮ ਬੰਦ ਹੋਏ ਤਾਂ ਚੰਦਨ ਨੇ ਫੇਰ ਵੀ ਹੌਸਲਾ ਨਹੀਂ ਹਾਰਿਆ। ਉਨ੍ਹਾਂ ਨੇ ਆਪਣਾ ਸਾਰਾ ਵਰਕਆਉਟ ਸਮਾਨ ਘਰ ਲਿਆ ਆਪਣਾ ਨਿੱਜੀ ਹੋਮ ਜਿਮ ਤਿਆਰ ਕਰ ਲਿਆ। ਇਹੀ ਨਹੀਂ, ਉਨ੍ਹਾਂ ਨੇ ਆਪਣੇ ਆਸ-ਪਾਸ ਦੇ ਨੌਜਵਾਨਾਂ ਨੂੰ ਵੀ ਉਥੇ ਆ ਕੇ ਵਰਕਆਉਟ ਕਰਨ ਲਈ ਪ੍ਰੇਰਿਤ ਕੀਤਾ।

ਪੋਸਟ ਗ੍ਰੈਜੂਏਸ਼ਨ ਕਰ ਚੁੱਕੇ ਚੰਦਨ ਵਰਮਾ ਸਿਰਫ ਆਪਣੀ ਤੰਦਰੁਸਤ ਜ਼ਿੰਦਗੀ ਜਿਉਣ ਦੇ ਤਰੀਕੇ ਤੱਕ ਸੀਮਤ ਨਹੀਂ ਰਹੇ, ਸਗੋਂ ਉਹ ਸਮਾਜ ਸੇਵਾ ਦੇ ਰੂਪ ਵਿੱਚ ਸਿਹਤ ਬਾਰੇ ਜਾਗਰੂਕਤਾ ਫੈਲਾਉਣ ਵਿੱਚ ਵੀ ਯਕੀਨ ਰੱਖਦੇ ਹਨ। ਉਹ ਖਾਣ-ਪੀਣ ਅਤੇ ਵਰਕਆਉਟ ਸੰਬੰਧੀ ਮਸ਼ਵਰੇ ਹਰ ਵਿਅਕਤੀ ਨੂੰ ਬਿਨਾਂ ਕਿਸੇ ਲਾਭ ਦੀ ਇੱਛਾ ਤੋਂ ਦੇ ਰਹੇ ਹਨ। ਉਹ ਕਹਿੰਦੇ ਹਨ ਕਿ ਜੇ ਕਿਸੇ ਦੇ ਵੀ ਆਪਣੀ ਸਿਹਤ ਨੂੰ ਲੈ ਕੇ ਕੋਈ ਸਵਾਲ ਮਨ 'ਚ ਹੋਵੇ, ਤਾਂ ਉਹ ਬਿਨਾਂ ਕਿਸੇ ਸੰਕੋਚ ਤੋਂ ਮੇਰੇ ਨਾਲ 7009398269 'ਤੇ ਸੰਪਰਕ ਕਰ ਸਕਦਾ ਹੈ।

ਵਿਆਹੁਤਾ ਜ਼ਿੰਦਗੀ ਹੋਣ ਦੇ ਨਾਲ - ਨਾਲ ਇਕ ਬੱਚੀ ਦੇ ਪਿਤਾ ਚੰਦਨ ਵਰਮਾ ਦੀ ਕਹਾਣੀ ਸਾਨੂੰ ਇਹ ਸਿੱਖਾਉਂਦੀ ਹੈ ਕਿ ਸਿਹਤ ਸੰਭਾਲਣਾ ਸਿਰਫ ਨਿੱਜੀ ਲਾਭ ਹੀ ਨਹੀਂ, ਸਗੋਂ ਸਮਾਜ ਲਈ ਵੀ ਇੱਕ ਜ਼ਿੰਮੇਵਾਰੀ ਹੈ ਅਤੇ ਇਸੇ ਤਰ੍ਹਾਂ ਦੇ ਜੁਆਨ ਜਦੋਂ ਅੱਗੇ ਆਉਂਦੇ ਹਨ ਤਾਂ ਨਾ ਸਿਰਫ਼ ਆਪਣੇ ਲਈ ਸਗੋਂ ਸਾਰੇ ਸਮਾਜ ਲਈ ਤੰਦਰੁਸਤੀ ਦੀ ਲਹਿਰ ਬਣ ਜਾਂਦੇ ਹਨ।

ਚੰਦਨ ਵਰਮਾ ਜਿਹੇ ਨੌਜਵਾਨ ਸਾਡੀ ਪੀੜ੍ਹੀ ਲਈ ਇੱਕ ਪ੍ਰੇਰਣਾ ਸਰੋਤ ਹਨ ਜੋ ਦਿਖਾਉਂਦੇ ਹਨ ਕਿ ਜੇ ਚਾਹ ਹੋਵੇ ਤਾਂ ਕਿਸੇ ਵੀ ਹਾਲਤ ਵਿੱਚ ਤੰਦਰੁਸਤ ਜੀਵਨ ਹੰਡਾਇਆ ਜਾ ਸਕਦਾ ਹੈ।



ਬਲਦੇਵ ਸਿੰਘ ਬੇਦੀ
ਜਲੰਧਰ

# ਮਨੁੱਖਤਾ ਨੂੰ ਚਾਨਣ ਦਿੰਦਾ ਕਾਵਿ ਸੰਗ੍ਰਹਿ " ਤੂੰ ਇੱਕ ਦੀਵਾ ਬਣ"

**ਪੁਸਤਕ ਦਾ ਨਾਂ : ਤੂੰ ਇੱਕ ਦੀਵਾ ਬਣ (ਕਾਵਿ ਸੰਗ੍ਰਹਿ)**
**ਲੇਖਕ ਦਾ ਨਾਂ : ਲਾਭ ਸਿੰਘ ਉੱਗੋਕੇ**
**ਪੰਨੇ : 120ਕੀਮਤ : 299/- ਰੁਪਏ**
**ਪ੍ਰਕਾਸ਼ਕ : ਤਰਕ ਭਾਰਤੀ ਪ੍ਰਕਾਸ਼ਨ ਬਰਨਾਲਾ।**

ਸਾਹਿਤ ਅਤੇ ਸਿਆਸਤ ਦਾ ਸੁਮੇਲ ਬਹੁਤ ਘੱਟ ਦੇਖਣ ਨੂੰ ਮਿਲਦਾ ਹੈ। ਸੰਤ ਬਲਬੀਰ ਸਿੰਘ ਘੁੰਨਸ, ਸਾਧੂ ਸਿੰਘ ਅਤੇ ਪਰਮਜੀਤ ਮਾਨ ਵਰਗੇ ਸਿਆਸਤਦਾਨ ਸਾਹਿਤ ਵਿਚ ਜਾਣੇ ਪਹਿਚਾਣੇ ਨਾਂ ਹਨ। ਅੱਜ ਦੀ ਨੌਜਵਾਨ ਪੀੜ੍ਹੀ ਵਿਚ ਸਾਹਿਤ ਦਾ ਕਰੇਜ਼ ਘੱਟਦਾ ਜਾ ਰਿਹਾ ਹੈ ਪਰ ਭਦੌੜ ਹਲਕੇ ਦਾ ਨੌਜਵਾਨ ਲਾਭ ਸਿੰਘ ਉੱਗੋਕੇ ਜਿੱਥੇ ਰਾਜਨੀਤੀ ਨਾਲ ਜੁੜਿਆ ਹੋਇਆ ਹੈ ਉੱਥੇ ਸਾਹਿਤ ਦੀ ਪ੍ਰਗਤੀ ਲਈ ਯਤਨਸ਼ੀਲ ਵੀ ਜਾਪਦਾ ਹੈ। ਉਸ ਦਾ ਪਲੇਠਾ ਕਾਵਿ ਸੰਗ੍ਰਹਿ "ਤੂੰ ਇੱਕ ਦੀਵਾ ਬਣ" ਪਾਠਕਾਂ ਦੀ ਸੱਥ ਵਿੱਚ ਹਾਜਰ ਹੋਇਆ ਹੈ। ਉਸ ਬਜ਼ੁਰਗਾਂ ਦਾ ਸਤਿਕਾਰ ਕਰਦਿਆਂ ਇਹ ਪੁਸਤਕ ਆਪਣੇ ਸਵ. ਪਿਤਾ ਦਰਸ਼ਨ ਸਿੰਘ ਅਤੇ ਮਾਤਾ ਬਲਦੇਵ ਕੌਰ ਨੂੰ ਸਮਰਪਿਤ ਕੀਤੀ ਹੈ।

ਨਿੰਦਰ ਘੁਗਿਆਣਵੀ ਨੇ ਆਪਣੇ ਮੁਖਬੰਦ "ਉੱਗੋ ਕਿਆ ਵਾਲਾ ਲਾਭ ਸਿੰਉ" ਵਿਚ ਉੱਗੋਕੇ ਨੂੰ ਸਾਹਿਤ ਪ੍ਰਤੀ ਚਿੰਤਤ ਦਸਦਿਆਂ ਲਿਖਿਆ ਹੈ ਕਿ ਉੱਗੋਕੇ ਨੂੰ ਆਪਣੀ ਮਾਂ ਬੋਲੀ, ਸ਼ਾਇਰੀ ਤੇ ਕਿਤਾਬਾਂ ਨਾਲ ਮੋਹ ਹੈ। ਇਹ ਵੀ ਜਾਣਕਾਰੀ ਮਿਲੀ ਕਿ ਉੱਗੋਕੇ ਕੇਵਲ ਕਵੀ ਹੀ ਨਹੀਂ ਸਗੋਂ ਵਾਰਤਕ ਕਾਰ ਵੀ ਹੈ।

ਉੱਗੋਕੇ ਦੀ ਪਲੇਠੀ ਕਾਵਿ ਪੁਸਤਕ "ਤੂੰ ਇੱਕ ਦੀਵਾ ਬਣ" ਦਾ ਨਿੱਠ ਕੇ ਅਧਿਐਨ ਕਰੀਏ ਤਾਂ ਇਸ ਪੁਸਤਕ ਵਿਚਲੀਆਂ ਕਵਿਤਾਵਾਂ ਮਨੁੱਖਤਾ ਦਾ ਦਰਦ, ਸਾਹਿਤ ਨਾਲ ਪ੍ਰੇਮ ਅਤੇ ਸਮਾਜਿਕ ਕਦਰਾਂ ਕੀਮਤਾਂ ਦੀ ਬਾਤ ਪਾਉਂਦੀ ਹੈ।

ਪੁਸਤਕ ਦੀ ਸਿਰਲੇਖ ਕਵਿਤਾ "ਤੂੰ ਇੱਕ ਦੀਵਾ ਬਣ" ਉਸ ਦੀ ਪਹਿਲੀ ਕਵਿਤਾ ਹੈ ਜਿਹੜੀ 14 ਜੁਲਾਈ 2024 ਨੂੰ ਲਿਖੀ ਹੋਈ ਹੈ ਅਤੇ ਇਸ ਕਵਿਤਾ ਵਿਚ ਮਨੁੱਖਤਾ ਨੂੰ ਅੰਧ ਵਿਸ਼ਵਾਸ਼, ਹੰਕਾਰ ਵਿੱਚੋ ਕੱਢ ਕੇ ਸਮੁੱਚੀ ਕਾਇਨਾਤ ਨੂੰ ਚਾਨਣ ਦੇਣ ਦੀ ਗੱਲ ਕਰਦੀ ਹੈ। ਉਸ ਦੀਆਂ ਕਵਿਤਾਵਾਂ ਆਪਣੀ ਔਕਾਤ ਨਹੀਂ ਭੁੱਲਣ ਦਿੰਦੀਆਂ। ਮਾਂ ਪਿਓ ਵਲੋ ਬੱਚੇ ਦਾ ਪਾਲਣ ਪੋਸ਼ਣ, ਉਸ ਦੀ ਇੱਛਾ ਦਾ ਧਿਆਨ, ਬੱਚੇ ਲਈ ਆਪਣੀਆਂ ਲੋੜਾਂ ਨੂੰ ਦਰ ਕੀਮਤ ਕਰਨਾ ਤੇ ਚਿੰਤਾ ਇੱਕ ਸੁਭਾਵਕ ਚਲਣ ਹੈ। ਹਰ ਵੇਲੇ ਬੱਚੇ ਤੋਂ ਇੱਕ ਆਸ ਬਣੀ ਰਹਿੰਦੀ ਹੈ। ਮਾਂ ਪਿਓ ਦੇ ਹੁੰਦਿਆਂ ਬੱਚਾ ਬੇਫ਼ਿਕਰ ਅਤੇ ਜਿੰਮੇਵਾਰੀਆਂ ਤੋਂ ਮੁਕਤ ਹੁੰਦਾ ਹੈ।


ਪੁਸਤਕ ਵਿਚ ਕਿਤਾਬਾਂ ਦੀ ਜਿਕਰ ਬਾਰ ਬਾਰ ਆਉਣਾ ਉਸ ਦਾ ਸਾਹਿਤ ਨਾਲ ਅੰਤਰੀਵ ਭਾਵਨਾਵਾਂ ਨੂੰ ਦਰਸਾਉਂਦਾ ਹੈ। ਇਹਨਾਂ ਕਾਲ਼ੇ ਅੱਖਰਾਂ ਦੀ ਮਹਾਨਤਾ ਉਸ ਦੀ ਕਵਿਤਾ "ਕਾਲੇ ਅੱਖਰ" ਵਿੱਚੋ ਦਿਸਦੀ ਹੈ ਜਦੋਂ ਕਹਿੰਦਾ ਹੈ ਕਿ –

' ਇਹ ਜੋ ਕਾਲੇ ਅੱਖਰ ਨੇ
ਤੇਰੀ ਜ਼ਿੰਦਗੀ ਨੂੰ ਰੁਸ਼ਨਾ ਸਕਦੇ ਨੇ
ਇਹ ਦੁਨੀਆਦਾਰੀ ਦੇ ਜੋ ਚੱਕਰ ਨੇ
ਉਹਨਾਂ ' ਚੋਂ ਪਾਰ ਲੰਘਾ ਸਕਦੇ ਨੇ
ਇਹ ਜੋ ਕਾਲੇ ਅੱਖਰ ਨੇ' (ਪੰਨਾ 18)

ਮਾਂ ਬੋਲੀ ਤੋਂ ਦੂਰੀ, ਵਤਨਾਂ ਵਿਚਲੀਆਂ ਸਰਹੱਦਾਂ, ਜਾਤਾਂ ਪਾਤਾਂ ਦਾ ਦੁੱਖ, ਵਕ਼ਤ ਦੀ ਘਾਟ, ਮਨੁੱਖੀ ਰਿਸ਼ਤਿਆਂ ਵਿਚ ਕੁੜੱਤਣ, ਨਫ਼ਰਤਾਂ ਉਸ ਨੂੰ ਕਚੋਟਦੀਆਂ ਹਨ। ਅੱਜ ਪਾਣੀ ਦਾ ਮਸਲਾ ਜੋ ਗੰਭੀਰ ਬਣਿਆ ਹੋਇਆ ਹੈ ਬਾਰੇ ਵੀ ਉਹ ਆਪਣੀ ਕਵਿਤਾ ' ਪਾਣੀ ' ਵਿਚ ਦੁਹਾਈ ਦਿੰਦਾ ਹੈ –

' ਬਚਾ ਲਓ ਜੇ
ਬਚਦਾ ਹੈ ਪਾਣੀ
ਜੇ ਨਾ ਰਿਹਾ ਤਾਂ
ਸਮਝੋ ਖਤਮ ਕਹਾਣੀ ' (ਪੰਨਾ 52)

ਆਪਣੇ ਪਿੰਡ ਦੀ ਮਿੱਟੀ, ਕੱਚੇ ਚੁੱਲ੍ਹੇ, ਕੱਚੀਆਂ ਛੱਤਾਂ ਅਤੇ ਮਿਹਨਤ ਨੂੰ ਯਾਦਾਂ ਵਿਚ ਵਸਾਈ ਬੈਠਾ ਸ਼ਾਇਰ ਪਿਆਰ, ਮੁਹੱਬਤ, ਇਸ਼ਕ ਦੀ ਗੱਲ ਨਹੀਂ ਕਰਦਾ, ਉਸ ਦੀ ਸ਼ਾਇਰੀ ਸਾਹਿਤ, ਪੁਸਤਕਾਂ, ਅਲਫਾਜਾਂ ਨਾਲ ਭਰਪੂਰ ਹੈ। ਇਹਨਾਂ ਕਿਤਾਬਾਂ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਇਸ ਪੁਸਤਕ ਵਿਚ ਦਰਜ ਹਨ। ਉਹ ਤਾਂ ਕਿਤਾਬਾਂ ਨੂੰ ਪਿਆਰ, ਇਨਸਾਨੀਅਤ, ਤਰਕ ਸਿਖਾਉਣ ਵਾਲਾ ਸਾਧਨ ਮੰਨਦਾ ਹੈ –




' ਕਿਤਾਬਾਂ ਤੁਹਾਨੂੰ ਜ਼ਿੰਦਗੀ ਅਤੇ ਇਨਸਾਨੀਅਤ ਨੂੰ
ਪਿਆਰ ਕਰਨਾ ਸਿਖਾਉਂਦੀਆਂ।
ਕਿਤਾਬਾਂ ਤੁਹਾਨੂੰ ਕੁਦਰਤ ਦੇ ਨੇੜੇ ਲਿਆਉਂਦੀਆਂ।' (ਪੰਨਾ 94)

ਖੇਤੀ ਕਿਸਾਨ ਦਾ ਸਭ ਕੁਝ ਹੁੰਦਾ ਹੈ। ਉਸ ਦਾ ਸਾਰਾ ਜੀਵਨ ਉਸ ਤੇ ਹੀ ਨਿਰਭਰ ਕਰਦਾ ਹੈ। ਜਦੋਂ ਵੀ ਕੋਈ ਕੁਦਰਤੀ ਆਫ਼ਤ ਆ ਪਵੇ ਤਾਂ ਵਿਚਾਰਾ ਕਿਸਾਨ ਤੜਪਣ ਤੋਂ ਇਲਾਵਾ ਹੋਰ ਕੁਝ ਨਹੀਂ ਕਰ ਸਕਦਾ। ਉਸ ਦੀਆਂ ਸਾਰੀਆਂ ਸੱਧਰਾਂ ਜਿਵੇਂ ਮਰ ਜਾਂਦੀਆਂ ਹਨ। ਉਸ ਦੀ ਕਵਿਤਾ ' ਸੱਧਰਾਂ ' ਇਸ ਦੀ ਸ਼ਾਹਦੀ ਭਰਦੀ ਹੈ ਜਦੋਂ ਕਹਿੰਦੀ ਹੈ –

' ਕੱਲੀ ਸੜੀ ਨਹੀਂ ਕਣਕ, ਸੱਧਰਾਂ ਵੀ ਨਾਲੇ ਸੜ ਗਈਆਂ
ਰੱਖੀਆਂ ਉਮੀਦਾਂ ਸੀ ਆਊਗੀ ਫ਼ਸਲ
ਉਹ ਵੀ ਵਿਚੇ ਰਾਖ ਬਣ ਗਈਆਂ
ਮਿਹਨਤ ਵੀ ਸੜ ਗਈ ਤੇ ਸਬਰ ਮੇਰਾ ਸੜਿਆ ....।' (ਪੰਨਾ 98)

ਪੁਸਤਕ ਵਿਚ ਸਭ ਤੋਂ ਵੱਧ ਜ਼ੋਰ ਪੁਸਤਕਾਂ, ਅਲਫਾਜਾਂ ਅਤੇ ਜਜ਼ਬਾਤਾਂ ਉਪਰ ਦਿੱਤਾ ਗਿਆ ਹੈ। ਉਸ ਦੀ ਕਵਿਤਾ ' ਮੁੱਕਣ ਨਾ ਦਿਓ' ਦੀਆਂ ਇਹ ਪੰਕਤੀਆਂ ਗੌਰ ਤਲਬ ਹਨ –

' ਮੁੱਕਣ ਨਾ ਦਿਓ
ਆਪਣੇ ਅਲਫਾਜਾਂ ਨੂੰ
ਦਬਣ ਨਾ ਦਿਓ ਆਪਣੇ
ਦਿਲ ਦੇ ਜਜ਼ਬਾਤਾਂ ਨੂੰ.........।' (ਪੰਨਾ 108)

ਉਸ ਦੀਆਂ ਕਵਿਤਾਵਾਂ ਮਾਂ, ਵਲਵਲੇ, ਵੀਜ਼ੇ, ਫਰਕ ਤਾਂ ਪੈਂਦਾ ਹੈ, ਬਾਪੂ, ਫੁੱਲਾਂ ਵਾਂਗਰ, ਕਈ ਵਾਰ, ਵਕਤ ਦੇ ਮਾਰੇ, ਆ ਕੇ ਮਿਲ, ਕਿਤਾਬੀ ਇਸ਼ਕ, ਦੇਸ਼ ਪਿਆਰ, ਮੈ ਤੇ ਮੈ, ਪ੍ਰਾਰਥਨਾ, ਸੁਣ ਲਵੀਂ, ਮੈਂ ਚਾਹੁੰਣਾ ਆਦਿ ਵੀ ਪੜ੍ਹਨ ਯੋਗ ਹਨ।

ਲਾਭ ਸਿੰਘ ਉੱਗੋਕੇ ਦੀ ਇਸ ਕਿਰਤ ਨੂੰ ਖ਼ੁਸ਼ ਆਮਦੀਦ ਆਖਣਾ ਬਣਦਾ ਹੈ। ਇਸ ਦੀ ਪਲੇਠੀ ਪੁਸਤਕ ਹੋਣ ਕਾਰਨ ਕੁਝ ਊਣਤਾਈਆਂ ਨਜ਼ਰ ਆਉਂਦੀਆਂ ਹਨ ਪਰ ਫਿਰ ਵੀ ਇਸ ਦੀਆਂ ਕਵਿਤਾਵਾਂ ਦੀ ਬੋਲੀ, ਸ਼ੈਲੀ, ਵਿਸ਼ਾ, ਵਸਤੂ ਬਿਲਕੁਲ ਸਹਿਜ ਹੈ ਅਤੇ ਆਮ ਪਾਠਕ ਦੀ ਸਮਝ ਵਿਚ ਆਉਣ ਵਾਲੇ ਹਨ। ਲੇਖਕ ਰਾਜਨੀਤੀ ਵਿਚ ਆਪਣੇ ਇਲਾਕੇ ਭਦੌੜ ਤੋਂ ਐਮ ਐਲ ਏ ਹੁੰਦੇ ਹੋਏ ਵੀ ਸਾਹਿਤ ਦੀ ਸੇਵਾ ਲਈ ਯਤਨਸ਼ੀਲ ਹੈ। ਇਸ ਦੀਆਂ ਕਈ ਕਵਿਤਾਵਾਂ ਦੇ ਨੀਚੇ ਕਵਿਤਾ ਲਿਖਣ ਦੀ ਮਿਤੀ ਦਰਜ ਹੈ। ਲੇਖਕ ਤੋਂ ਨੇੜਲੇ ਭਵਿੱਖ ਵਿੱਚ ਹੋਰ ਸਾਹਿਤਕ ਸਿਰਜਣਾ ਦੀ ਆਸ ਕਰਦਿਆਂ ਉਸ ਨੂੰ ਵਧਾਈ ਦਿੰਦੇ ਹਾਂ।



**ਤੇਜਿੰਦਰ ਚੰਡਿਹੋਕ**
**ਸਾਬਕਾ ਏ.ਐਸ. ਪੀਊ ਨੈਸ਼ਨਲ ਐਵਾਰਡੀ**
**ਸੰਪਰਕ ਨੰ : 95010-00224**

# ਮਾਹੀ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਮਨਾਇਆ

ਬੰਗਾ ਨਜ਼ਦੀਕ ਪਿੰਡ ਜੰਡਿਆਲਾ ਜਿਲ੍ਹਾ ਸ਼. ਭ. ਸ. ਨਗਰ ਵਿਖੇ ਮਾਹੀ ਜਠੇਰਿਆਂ ਦਾ ਸਾਲ-ਾਨਾ ਜੋੜ ਮੇਲਾ ਵੱਖ ਵੱਖ ਪਿੰਡਾਂ ਦੀਆਂ ਸੰਗਤਾਂ ਅਤੇ ਐਨ ਆਰ ਆਈ ਵੀਰਾਂ ਦੇ ਸਹਿਯੋਗ ਨਾਲ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ, ਮੇਲੇ ਵਾਲੇ ਦਿਨ ਨਿਸ਼ਾਨ ਸਾਹਿਬ ਦੀ ਰਸਮ ਉਪਰੰਤ ਧਾਰਮਿਕ ਸਟੇਜ਼ ਲਗਾਈ ਗਈ, ਜਿਸ 'ਚ ਪ੍ਰਸਿੱਧ ਗਾਇਕ ਭੈਣਾਂ ਕੌਰ ਸਿਸਟਰਜ਼ ਪ੍ਰਮੀਤ ਕੌਰ ਹਰਮੀਤ ਕੌਰ, ਗਾਇਕਾ ਵਿਸ਼ਾਲੀ ਰੱਤੂ - ਬੇਬੀ ਏ ਕੌਰ ਚੱਕ ਰਾਮੂੰ, ਅਤੇ ਉਂਕਾਰ ਗੋਵਿੰਦਪੁਰੀ ਪਾਰਟੀ ਵਲੋਂ ਬਾਬਾ ਜੀ ਦੀ ਮਹਿਮਾਂ ਦਾ ਗੁਣਗਾਣ ਕੀਤਾ ਗਿਆ, ਇਸ ਮੌਕੇ ਚਾਹ ਪਕੌੜਿਆ ਦੇ



ਲੰਗਰ ਅਤੇ ਗੁਰੂ ਕੇ ਲੰਗਰ ਅਟੁੱਟ ਵਰਤਾਏ ਗਏ, ਇਸ ਮੌਕੇ ਵਰਿੰਦਰ ਕੁਮਾਰ, ਗਿਆਨ ਚੰਦ, ਸੰਤੋਖ ਕੁਮਾਰ, ਮਨੋਜ ਕੁਮਾਰ, ਰਕੇਸ਼ ਲਾਲ, ਗੁਰਮੁਖ ਸਿੰਘ, ਦੇਸ ਰਾਜ, ਅਸ਼ੋਕ ਕੁਮਾਰ, ਨੰਜੂ ਰਾਮ, ਮੰਗੀ ਮਾਹੀ , ਮੁਲਖ ਰਾਜ ਮਾਹੀ, ਰਣਵੀਰ ਬੇਰਾਜ, ਗੀਤਕਾਰ ਮੁਕੇਸ਼ ਕਟਾਰੀਆਂ ਵਾਲਾ, ਕੁਲਵਿੰਦਰ ਮਾਹੀ ਆਦਿ ਹਾਜ਼ਰ ਸਨ।

Namo Buddhaye



DHAMMA WAVES

Jai Bheem



**Watch us Live on Facebook every Sunday at 8 pm Indian Time**
**live call : +91-966-797-2248**
**E-mail : dhammawaves.info@gmail.com**

Follow Us : www.Dhammawaves.com YouTube Dhammawaves
E-mail : dhammawaves.info@gmail.com



चलो बुद्ध गया
अब नहीं तो कभी नहीं
मिलेगा बौद्धों को बौद्ध गया महा
बुद्ध विहार

Bhikkhuni Rupanada Ayyaji

## Dhamma Desna By: Bhikkhuni Rupanada Ayyaji

Topic: बौद्ध धम्म और महिलाएँ, बुद्ध के समय महिलाओं की स्थिति ?

ਬੁੱਧ ਧੰਮ ਅਤੇ ਔਰਤਾਂ, ਬੁੱਧ ਦੇ ਸਮੇਂ ਔਰਤਾਂ ਦੀ ਸਥਿਤੀ ?

Buddhism and women, status of women during the time of Buddha

Topic : "थेरीगाथा: तत्त्वज्ञान"

"Therigatha : Philosophy"

Abolish Bodh Gaya Temple BTA Act 1949



Dr.Vishakha Kamble

Sunday
May.25th,2025
at 8 PM
Indian Time

Live On Facebook

**Guest Speaker : Dr. Vishakha Kamble (Nagpur)**

## ਹਾਈਪਰਟੈਂਸ਼ਨ ਤੋਂ ਬਚਾਓ

ਬਲੱਡ ਪ੍ਰੈਸ਼ਰ ਵਧਣ ਨਾਲ, ਹਾਈਪਰਟੈਨਸ਼ਨ ਹੈ ਹੁੰਦਾ। ਹਰ ਸਾਲ 13 ਪ੍ਰਤੀਸ਼ਤ ਤੋਂ ਵੱਧ ਮੌਤਾਂ ਦਾ ਕਾਰਨ ਹੈ ਹੁੰਦਾ। ਹਾਈਪਰਟੈਂਸ਼ਨ ਨੂੰ ਛੁਪਿਆ ਕਾਤਲ ਵੀ ਨੇ ਕਹਿੰਦੇ। ਇਲਾਜ ਵਿੱਚ ਦੇਰੀ ਕਰਕੇ ਗੁਰਦੇ ਕੰਮ ਕਰਨੋ ਰਹਿੰਦੇ। ਡੀਪੀ ਘੱਟ ਕਰਨ ਲਈ ਤਲੀਆਂ ਚੀਜ਼ਾਂ ਨਾ ਖਾਓ ਲੂਣ ਘਟਾਓ। ਸਿਗਰੇਟ ਚਾਹ ਸ਼ਰਾਬ ਦੇ ਨਸ਼ੇ ਤੋਂ ਕਰੋ ਬਚਾਓ। ਬੀਪੀ ਨਾਲ ਗੁਰਦੇ ਫੇਰ ਤੇ ਦਿਲ ਦੀਆਂ ਨਾੜੀਆਂ ਹਟਣ ਦਾ ਖਤਰਾ ਬਣਦਾ। ਅਧਖੜ ਬੰਦਿਆਂ ਨੂੰ ਸੈਕੰਡਰੀ ਹਾਈਪਰਟੈਂਸ਼ਨ ਦਾ ਡਰ ਤਣਦਾ।

ਹਾਈਪਰਟੈਂਸ਼ਨ ਤੋਂ ਬਚਾਓ.............!

90 ਪ੍ਰਤੀਸ਼ਤ ਵਿੱਚ ਮੁੱਢਲੇ ਹਾਈਪਰਟੈਂਸ਼ਨ ਦਾ ਪਤਾ ਹੀ ਨ੍ਹੀਂ ਲੱਗਦਾ।ਵੱਖ ਵਖ ਜਗ੍ਹਾ ਤੋਂ ਚੰਗੇ ਮਾਹਿਰਾਂ ਤੋਂ ਚੈੱਕ ਕਰਾ ਕੇ ਸਲਾਹ ਲੈਣਾ ਬਣਦਾ। ਸਿਹਤਮੰਦ ਜ਼ਿੰਦਗੀ ਲਈ ਕਸਰਤ ਤੇ ਸੰਤੁਲਿਤ ਭੋਜਨ ਖਾਓ। ਆਪ ਵੀ ਖੁਸ਼ ਰਹੋ, ਘਰਦਿਆਂ ਨੂੰ ਵੀ ਚੱਕਰਾਂ ਚ ਨਾ ਪਾਓ। ਸਧਾਰਨ ਬੀਪੀ 90/140--85/135 ਗਿਣਿਆ ਜਾਵੇ। ਭਾਰਤ ਵਿੱਚ ਅੰਦਾਜਨ 16 ਪ੍ਰਤੀਸ਼ਤ ਮੌਤਾਂ ਦਾ ਅੰਕੜਾ ਦਿਖਾਵੇ।

ਹਾਈਪਰਟੈਂਸ਼ਨ ਤੋਂ ਬਚਾਓ...............!

ਚੇਚਕ ਦੇ ਟੀਕੇ(ਵੈਕਸੀਨ) ਦੀ ਖੋਜ ਐਡਵਰਡ ਜੈਨਰ ਨੇ ਕੀਤੀ। ਇਸ ਕੰਮ ਵਿੱਚ ਜੇਮਜ਼ ਫਿਲਪਸ ਨੇ ਮਦਦ ਕੀਤੀ। ਚੇਚਕ ਦਾ ਵਾਇਰਸ/ਚਿਕਨ ਪੌਕਸ/ਕਾਊ ਪੋਕਸ, ਦੁਧਾਰੂ ਪਸ਼ੂਆਂ ਨਾਲ, ਸੰਬੰਧਿਤ ਰੋਗ ਤੋਂ ਮੁਕਤ ਕਰਾਉਣਾ। ਅਮਰੀਕਾ 'ਚ1949 ਵਿੱਚ ਸਭ ਤੋਂ ਅਖੀਰਲਾ ਕੇਸ ਅਤੇ ਸੋਮਾਲੀਆ 26 ਅਕਤੂਬਰ 1977 ਵਿੱਚ ਅਲੀ ਮਾਇਓ ਮਲੀਨ ਦਾ ਸੀ ਰੋਗ ਘਿਨਾਉਣਾ। ਗੰਭੀਰ ਕਿਸਮ ਦਾ ਛੂਤ ਰੋਗ, ਕੰਬਾ ਲੱਗਣ ਜਾਂ ਠੰਡ ਲੱਗਣ ਨਾਲ ਸੀ ਲੱਗਦਾ। ਕੁਝ ਲੋਕ ਮਲੇਰੀਏ ਦਾ ਤਾਪ ਸਮਝ, ਇਲਾਜ਼ ਸੀ ਚਲਦਾ। ਬੁਖਾਰ ਦੇ ਦੂਜੇ ਜਾਂ ਤੀਜੇ ਦਿਨ ਚਮੜੀ ਤੇ ਚੇਚਕ ਦਾਣੇ ਪ੍ਰਗਟ ਸੀ ਹੁੰਦੇ। ਪੰਜਵੇਂ-ਛੇਵੇਂ ਦਿਨ,ਪੀਕ ਭਰ ਕੇ, ਲਹੂ ਨਿਕਲਣ ਨਾਲ, ਡੂੰਘੇ ਦਾਗ ਸੀ ਪੈਂਦੇ।

ਹਾਈਪਰਟੈਂਸ਼ਨ ਤੋਂ ਬਚਾਓ..............!

40ਸਾਲ ਪਹਿਲਾਂ ਚੇਚਕ ਦਾ ਕੇਸ ਲੱਭਣ ਵਾਲੇ ਨੂੰ ਮਿਲਦਾ ਸੀ 500 ਦਾ ਇਨਾਮ। ਸੀਤਲਾ ਮਾਤਾ ਦੀ ਕਰੋਪੀ ਸਮਝ ਕੇ ਦਵਾ ਨ੍ਹੀਂ ਸੀ ਕਰਦੇ, ਵਹਿਮਾਂ ਚ ਪੈ ਕੇ ਕਰਦੇ ਸੀ ਨੁਕਸਾਨ। ਨਵੇਂ ਤੋਂ ਨਵੇਂ ਰੋਗ ਉਗਮਦੇ,ਨਾਲ ਨਾਲ ਤਰੱਕੀ ਕਰਦਾ ਵਿਗਿਆਨ। ਏਸੀ ਦੀ ਠੰਡਕ ਵਿੱਚੋਂ ਨਿਕਲ ਕੇ, ਇਕਦਮ ਭੱਜ ਕੇ, ਤੱਤੀ ਧੁੱਪ ਵਿੱਚ ਜਾਣ। ਇਸ ਨਾਲ ਲਕਵਾ ਮਾਰ ਸਕਦੈ ਜਾਂ ਦਿਮਾਗ ਦੀ ਨਸ ਫਟਣ ਦੇ ਖਤਰੇ 'ਚ ਪੈਂਦੀ ਹੈ ਜਾਨ।

ਹਾਈਪਰਟੈਂਸ਼ਨ ਤੋਂ ਬਚਾਓ.................!

ਵਿਸ਼ਵ ਹਾਈਪਰਟੈਨਸ਼ਨ ਲੀਗ ਨੇ,14 ਮਈ 2005ਨੂੰ ਹਾਈਪ੍ਰਟੈਂਸ਼ਨ ਦਿਵਸ ਮਨਾਇਆ। ਫਿਰ ਬਦਲ ਕੇ 17 ਮਈ ਨੂੰ ਹਰ ਸਾਲ ਜਾਂਦਾ ਮਨਾਇਆ। ਟੈਕਸੋਪਲਾਸਮੋਸਿਸ ਬਿਮਾਰੀ ਬਿੱਲੀਆਂ ਦੇ ਮੂਤਰ ਨਾਲ ਸੰਪਰਕ ਜਾਂ ਅੱਧੇ ਪੱਕੇ ਮਾਸ ਦੇ ਖਾਣ ਜਾਂ ਗੰਦਗੀ ਵਾਲਾ ਪਾਣੀ ਪੀਣ ਅਤੇ ਮਿੱਟੀ ਤੋਂ ਫੈਲਦੀ।ਅਗਿਆਨਤਾਵਸ ਗਰਭਵਤੀ ਔਰਤਾਂ ਤੇ ਕਮਜ਼ੋਰ ਬੰਦਿਆਂ ਦੇ ਸਿਹਤ ਸੁਰੱਖਿਆ ਸਿਸਟਮ ਨੂੰ ਵਿਗਾੜਦੀ।ਗਰਭ ਵਿੱਚ ਪਏ ਜਾਂ ਜਨਮ ਲੈਣ ਵਾਲੇ ਬੱਚਿਆਂ ਵਿੱਚ ਨਿਊਰੋਲੋਜੀਕਲ/ਮਾਨਸਿਕ ਵਿਕਾਸ ਨੂੰ ਨੁਕਸਾਨਦੀ।



ਹਾਈਪਰਟੈਂਸ਼ਨ ਤੋਂ ਬਚੋ.................!

**ਅਮਰਜੀਤ ਸਿੰਘ ਤੂਰਪਿੰਡ ਕੁਲਬੁਰਛਾਂ ਜ਼ਿਲਾ ਪਟਿਆਲਾ ਹਾਲ-ਆਬਾਦ #639/40ਏ ਚੰਡੀਗੜ੍ਹ। ਫੋਨ ਨੰਬਰ : 9878469639**

# ਸੋਹਨ ਲਾਲ ਗਿੰਡਾ ਜੀ ਦੀ ਅਗਵਾਈ ਹੇਠ ਕਰਨਾਟਕ ਵਿੱਚ ਸਕੂਲ ਦਾ ਕੰਮ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ




**ਕਰਨਾਟਕ–** ਬੋਧੀਸਤਵ ਬਾਬਾ ਸਾਹਿਬ ਅੰਬੇਡਕਰ ਐਜੂਕੇਸ਼ਨ ਸੋਸਾਇਟੀ (PAN INDIA) ਦੇ ਅਧੀਨ, ਸ਼੍ਰੀ ਸੋਹਨ ਲਾਲ ਗਿੰਡਾ ਜੀ ਦੀ ਅਗਵਾਈ ਵਿੱਚ ਕਰਨਾਟਕ ਵਿੱਚ ਬੋਧੀਸਤਵ ਅੰਬੇਡਕਰ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਦੀ ਚੌਥੀ ਸ਼ਾਖਾ ਦਾ ਕੰਮ ਤੇਜ਼ ਰਫ਼ਤਾਰ ਨਾਲ ਚੱਲ ਰਿਹਾ ਹੈ। ਤਸਵੀਰ ਵਿੱਚ ਦਿਖਾਈ ਦੇ ਰਹੇ ਡਾ. ਨੀਲਕਾਂਤ ਸ਼ਿੰਦੇ ਜੀ ਇਸ ਕੰਮ ਦੀ ਨਿਗਰਾਨੀ ਕਰ ਰਹੇ ਹਨ। ਇਹ ਦੱਸਣਾ ਜ਼ਰੂਰੀ ਹੈ ਕਿ ਸ਼੍ਰੀ ਸੋਹਨ ਲਾਲ ਗਿੰਡਾ ਜੀ ਦਾ ਉਦੇਸ਼ ਦੇਸ਼ ਦੇ ਸਾਰੇ ਵਰਗਾਂ ਨੂੰ ਸਿੱਖਿਆ ਪ੍ਰਦਾਨ ਕਰਨਾ ਹੈ, ਜਿਸ ਵਿੱਚ ਹੇਠਲੇ ਵਰਗ ਦੇ ਲੋਕ ਵੀ ਸ਼ਾਮਲ ਹਨ, ਜਿਸ ਵਿੱਚ ਬਹੁਤ ਸਾਰੇ ਦਾਨੀ ਸੱਜਣ ਸਹਿਯੋਗ ਕਰ ਰਹੇ ਹਨ।ਸਕੂਲ ਬਾਰੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਕਿਰਪਾ ਕਰਕੇ ਸੰਪਰਕ ਕਰੋ: ਸ਼੍ਰੀ ਹੁਸਨ ਲਾਲ ਜੀ: 9988393442



ਸਮਾਜ ਵੀਕਲੀ ਨਿਊਜ਼



# ਸੌਂ ਜਾ ਬੱਬੂਆ ਮਾਣੋ ਬਿੱਲੀ ਆਈ ਆ

ਸੌਣਾ ਇੱਕ ਕੁਦਰਤ ਦੀ ਬਖਸ਼ੀ ਹੋਈ ਬਹੁਤ ਖੂਬਸੂਰਤ ਕਿਰਿਆ ਹੈ। ਜੋ ਪ੍ਰਾਣੀਆਂ ਲਈ ਵਰਦਾਨ ਹੈ। ਖੋਰੇ ਇਸੇ ਲਈ ਉਸਨੇ ਰਾਤ ਬਣਾਈ ਤਾਂਕਿ ਪ੍ਰਾਣੀ ਕੁਝ ਸਮਾਂ ਅਰਾਮ ਕਰ ਲੈਣ। ਨੀਂਦ ਦੇ ਦੌਰਾਨ ਪ੍ਰਾਣੀ ਦਾ ਦਿਲ ਲਗਾਤਾਰ ਧੜਕਦਾ ਰਹਿੰਦਾ ਹੈ ਪ੍ਰੰਤੂ ਦਿਮਾਗ ਅਤੇ ਸਰੀਰ ਆਰਾਮ ਅਵਸਥਾ ਵਿੱਚ ਹੁੰਦੇ ਹਨ। ਇੱਕ ਤਰਾਂ ਨਾਲ ਉਹ ਬੇਸੁੱਧ ਹੁੰਦਾ ਹੈ। ਨੀਂਦ ਦੌਰਾਨ ਉਸਦਾ ਦਿਲ ਲੱਗਿਆ ਰਹੇ ਇਸ ਲਈ ਉਸਨੂੰ ਕਾਲਪਨਿਕ ਸੁਫ਼ਨੇ ਆਉਂਦੇ ਰਹਿੰਦੇ ਹਨ। ਉਹ ਜ਼ਿੰਦਗੀ ਦੀਆਂ ਪੁਰਾਣੀਆਂ ਅਤੇ ਅਜੀਬ ਜਿਹੀਆਂ ਫ਼ਿਲਮਾਂ ਦੇਖਦਾ ਰਹਿੰਦਾ ਹੈ ਮਤਲਬ ਇੱਕ ਅਗਿਆਤ ਜਿਹੀ ਐਲ ਈ ਡੀ ਉਸ ਦੇ ਸਾਹਮਣੇ ਚਲਦੀ ਰਹਿੰਦੀ ਹੈ ਜਿਸ ਵਿਚ ਉਹ ਖੁਦ ਇੱਕ ਐਕਟਰ ਹੁੰਦਾ ਹੈ।

ਹਰ ਪ੍ਰਾਣੀ ਦੇ ਸੌਣ ਦਾ ਸਮਾਂ ਅਤੇ ਢੰਗ ਅਲੱਗ ਅਲੱਗ ਹੁੰਦਾ ਹੈ। ਉਹ ਬੈਠੇ, ਖੜੇ, ਲੇਟੇ ਹੋਏ ਸੌਂ ਸਕਦੇ ਹਨ।

ਇਨਸਾਨ ਵੀ ਵੱਖ ਵੱਖ ਪੁਜੀਸ਼ਨਾਂ ਵਿੱਚ ਸੌਂਦਾ ਹੈ। ਕੁਝ ਲੋਕ ਜਵਾਂ ਸਿੱਧੇ ਲੇਟਦੇ ਹਨ। ਇਸ ਤਰ੍ਹਾਂ ਸਿੱਧਾ ਲੇਟ ਕੇ ਸੌਣ ਨੂੰ ਸਾਡੇ ਸਮਾਜ ਵਿੱਚ ਬੁਰਾ ਮੰਨਿਆ ਜਾਂਦਾ ਹੈ ਕਿਉਂਕਿ ਜਵਾਂ ਸਿੱਧਾ ਜਾਂ ਤਾਂ ਮਰੀਜ਼ ਲੇਟਦੇ ਹਨ ਜਾਂ ਫਿਰ ਮੁਰਦਾ ਦੇਹਿ ਨੂੰ ਲਿਟਾਇਆ ਜਾਂਦਾ ਹੈ। ਪਰ ਆਰਾਮ ਨੂੰ ਮੁੱਖ ਰੱਖਕੇ ਕਈ ਸਿੱਧਾ ਲੇਟਦੇ ਹਨ। ਕੁਝ ਪੁੱਠੇ ਪੈਂਦੇ ਹਨ। ਦੋਵੇਂ ਹੱਥ ਅਤੇ ਪੈਰ ਖਿਲਾਰਕੇ। ਅਕਸਰ ਜਿਆਦਾ ਥੱਕੇ ਜਾਂ ਸ਼ਰਾਬੀ ਇਸ ਅਵਸਥਾ ਵਿੱਚ ਸੌਂਦੇ ਹਨ। ਉਂਜ ਟੇਡਾ ਸੌਣ ਨੂੰ ਸਹੀ ਮੰਨਿਆ ਜਾਂਦਾ ਹੈ ਉਹ ਵੀ ਡੇਢ ਟੰਗ ਖੋਲ੍ਹਕੇ। ਮਤਲਬ ਸੌਣ ਵੇਲੇ ਇੱਕ ਲੱਤ ਜਵਾਂ ਸਿੱਧੀ ਹੋਣੀ ਚਾਹੀਦੀ ਹੈ ਤੇ ਦੂਸਰੀ ਮੁੜੀ ਹੋਈ। ਇਹ ਸਭ ਤੋਂ ਵਧੀਆ ਪੁਜੀਸ਼ਨ ਮੰਨੀ ਗਈ ਹੈ। ਇਸ ਲਈ ਵੀ ਸੱਜੇ ਪਾਸੇ ਜਾਂ ਖੱਬੇ ਪਾਸੇ ਸੌਣ ਦੇ ਵੱਖਰੇ ਨਿਯਮ ਹਨ। ਕਈ ਧੌਣ ਨੂੰ ਉਪਰ ਚੁੱਕਕੇ ਸੌਂਦੇ ਹਨ। ਕਈ ਗਰਦਨ ਸਿੱਧੀ ਰੱਖਦੇ ਹਨ। ਮੇਰੇ ਵਰਗੇ ਕਈ ਦੋ ਸਿਰਹਾਣੇ ਲੈਕੇ ਸੌਂਦੇ ਹਨ ਤੇ ਕੁਝ ਬਿਨਾਂ ਸਿਰਹਾਣੇ ਤੋਂ ਨੀਂਦ ਦਾ ਲੁਤਫ਼ ਉਠਾਉਂਦੇ ਹਨ। ਆਪਣਾ ਸਰੀਰ ਢੱਕ ਕੇ ਸੌਣ ਵਾਲਿਆਂ ਦੇ ਆਪਣੇ ਤਰਕ ਹਨ ਤੇ ਕਈ ਬਿਨਾਂ ਚਾਦਰ ਖੇਸ ਦੇ ਹੀ ਸੌਂ ਜਾਂਦੇ ਹਨ। ਰਾਤ ਨੂੰ ਲਾਈਟ ਜਗਾਕੇ ਸੌਣਾ ਮੱਧਮ ਲਾਈਟ ਵਿੱਚ ਸੌਣਾ ਅਤੇ ਬਿਲਕੁਲ ਹਨੇਰੇ ਵਿੱਚ ਸੌਣ ਦੀਆਂ ਆਦਤਾਂ ਵੱਖ ਵੱਖ ਹੁੰਦੀਆਂ ਹਨ। ਕਦੇ ਰਿਕਸ਼ੇ ਵਾਲੇ ਨੂੰ ਰਿਕਸ਼ੇ ਦੀ ਸੀਟ ਟੇਡੀ ਕਰਕੇ ਸੁੱਤਾ ਵੇਖਿਓਂ। ਉਹ ਬੇਫਿਕਰ ਹੋਕੇ ਸੌਂਦਾ ਹੈ।ਉਹ ਇਸ ਨੂੰ ਬਹੁਤ ਅਰਾਮ ਵਾਲ਼ੇ ਪਲ ਮੰਨਦਾ ਹੈ। ਤੇ ਕਈ ਅੱਠ ਇੰਚੀ ਫੋਮ ਦੇ ਗੱਦਿਆਂ ਤੇ ਸਾਰੀ



ਰਾਤ ਜਾਗਕੇ ਲੰਘਾ ਦਿੰਦੇ ਹਨ। ਕਈਆਂ ਨੂੰ ਬਿਸਤਰੇ ਵਿੱਚ ਪਈ ਇੱਕ ਸਿਲਵਟ ਸਾਰੀ ਰਾਤ ਸੌਣ ਨਹੀਂ ਦਿੰਦੀ। ਕਹਿੰਦੇ ਨੀਂਦ ਨਾ ਵੇਖੇ ਬਿਸਤਰਾ, ਇਸ਼ਕ ਨਾ ਦੇਖੇ ਜਾਤ। ਬਿਮਾਰਾਂ ਅਤੇ ਆਸ਼ਕਾਂ ਦੀ ਕਿਸਮਤ ਵਿਚ ਨੀਂਦ ਕਿੱਥੇ? ਪਰ ਕਹਿੰਦੇ ਮਿਰਜ਼ਾ ਜੰਡ ਹੇਠ ਸੌ ਗਿਆ ਸੀ ਤੇ ਸੱਸੀ ਸੁੱਤੀ ਰਹਿ ਗਈ ਸੀ ਤੇ ਉਹ ਪੁੰਨੂ ਨੂੰ ਲ਼ੈ ਗਏ। ਮੇਰਾ ਇੱਕ ਦੋਸਤ ਹੈ ਉਹ ਸੌਣ ਤੋਂ ਪਹਿਲ਼ਾਂ ਦੋ ਸਿਗਰਟਾਂ ਫੂਕਦਾ ਹੈ ਫਿਰ ਨੀਂਦ ਆਉਂਦੀ ਹੈ। ਮੂੰਹ ਖੋਲ੍ਹ ਕੇ ਸੌਣ ਵਾਲੇ ਵੀ ਸਾਡੇ ਵਿਚੋਂ ਹੀ ਹੁੰਦੇ ਹਨ। ਮੇਰੇ ਨਾਨਕੇ ਪਰਿਵਾਰ ਵਿੱਚ ਡੋਲੀ ਨਾਲ ਆਈ ਨੈਨ ਮੂੰਹ ਖੋਲ੍ਹਕੇ ਸੌਂਦੀ ਸੀ ਕਿਸੇ ਨੇ ਸੁੱਤੀ ਹੋਈ ਦੇ ਮੂੰਹ ਵਿੱਚ ਲੱਡੂ ਪਾ ਦਿੱਤਾ। ਹਾਸੀ ਦੀ ਗੱਲ ਨਹੀਂ ਸੌਣਾ ਅਤੇ ਨਾ ਸੌਣਾ ਦੋਨੇ ਹੀ ਬਿਮਾਰੀਆਂ ਹਨ। ਕਿਸੇ ਨੂੰ ਗੋਲੀ ਖਾ ਕੇ ਵੀ ਨੀਂਦ ਨਹੀਂ ਆਉਂਦੀ ਉਹ ਸਾਰੀ ਰਾਤ ਸਾਹਮਣੇ ਲੱਗੇ ਕਲੌਕ ਨੂੰ ਦੇਖਦਾ ਰਹਿੰਦਾ ਹੈ। ਕੋਈਂ ਬੈਠਾ ਬੈਠਾ ਸੌ ਜਾਂਦਾ ਹੈ। ਜਿਲ੍ਹਾ ਲੈਵਲ ਦਾ ਮੇਰਾ ਇੱਕ ਦੋਸਤ ਰੋਟੀ ਖਾਂਦਾ ਖਾਂਦਾ ਸੌ ਜਾਂਦਾ ਸੀ। ਇੱਕ ਵਾਰੀ ਕਹਿੰਦੇ ਉਹ ਹਾਈ ਕੋਰਟ ਵਿੱਚ ਹੀ ਸੌਂ ਗਿਆ। ਇਹ ਬਹੁਤ ਭੈੜੀ ਬਿਮਾਰੀ ਹੈ। ਦਫਤਰ ਵਿੱਚ ਤਾਂ ਉਹ ਗੱਲ ਕਰਦਾ ਕਰਦਾ ਸੋਂ ਜਾਂਦਾ ਸੀ।

ਕੁਝ ਲੋਕ ਸੌਂਦੇ ਹੀ ਆਪਣਾ ਪੀਟਰ ਇੰਜਨ ਚਾਲੂ ਕਰ ਦਿੰਦੇ ਹਨ। ਉਹ ਸੁੱਤੇ ਹੋਏ ਸਾਇਰਨ ਸੀਟੀ ਅਤੇ ਕਈ ਹੋਰ ਸਾਜ ਵਜਾਉਂਦੇ ਹਨ। ਉਹਨਾਂ ਦੇ ਹੁੰਦਿਆਂ ਕੋਈਂ ਹੋਰ ਨਹੀਂ ਸੌਂ ਸਕਦਾ।

ਮੇਰੇ ਪਾਪਾ ਜੀ ਕਿਹਾ ਕਰਦੇ ਸੀ ਕਿ "ਖਾਕੇ ਜਾਈਏ ਸੌਂ ਤੇ ਮਾਰਕੇ ਜਾਈਏ ਭੱਜ।" ਉਹ ਦੁਪਹਿਰ ਦੀ ਰੋਟੀ ਤੋਂ ਬਾਅਦ ਜਰੂਰ ਸੌਂਦੇ ਚਾਹੇ ਦਸ ਮਿੰਟ ਹੀ। ਹੁਣ ਇਹ ਖਾਨਦਾਨੀ ਪਰੰਪਰਾ ਮੇਰਾ ਛੋਟਾ ਭਰਾ ਨਿਭਾ ਰਿਹਾ ਹੈ।

ਕਈ ਬੱਸ ਦਾ ਸਫ਼ਰ ਸੌਂ ਕੇ ਪੂਰਾ ਕਰਦੇ ਹਨ। ਸਕੂਲਾਂ ਦੀਆਂ ਭੈਣਜੀਆਂ ਚਲਦੀ ਬੱਸ ਵਿੱਚ ਖੜੇ ਖੜੇ ਹੀ ਨੀਂਦ ਲ਼ੈ ਲੈਂਦੀਆਂ ਹਨ। ਸਾਰੀਆਂ ਨਹੀਂ ਤਾਂ ਅੱਧੀਆਂ ਰਸਤੇ ਵਿੱਚ ਨੀਂਦ ਪੂਰੀ ਕਰਦੀਆਂ ਹਨ। ਕਈਆਂ ਦੇ ਘੁਰਾੜੇ ਸਟਾਫ ਰੂਮ ਦਾ ਮਾਹੌਲ ਰੰਗੀਨ ਬਣਾਉਂਦੇ ਹਨ। ਇੱਕ ਰਾਤ ਜਾਗਣ ਨਾਲ ਮੇਰਾ ਗਲਾ ਬੈਠ ਜਾਂਦਾ ਹੈ ਤੇ ਅਗਲੇ ਦਿਨ ਮੇਰੀ ਆਵਾਜ਼ ਫੱਟਣ ਲੱਗ ਜਾਂਦੀ ਹੈ। ਮੈਂ ਕਦੇ ਪੂਰਾ ਜਗਰਾਤਾ ਨਹੀਂ ਸੁਣਿਆ। ਪ੍ਰੰਤੂ ਕਈ ਰਾਤਾਂ ਨੂੰ ਲਗਾਤਾਰ ਜਾਗਦੇ ਹਨ ਪ੍ਰੰਤੂ ਦਿਨੇ ਕੰਮ ਕਰਦੇ ਹਨ। ਸਾਡੇ ਸਕੂਲ ਵਿੱਚ ਇੱਕ ਸਾਬਕਾ ਫੌਜੀ ਚੌਕੀਦਾਰ ਦੀ ਅੱਠ ਘੰਟੇ ਦੀ ਡਿਊਟੀ ਕਰਦਾ ਸੀ। ਸ਼ੁਰੂ ਸ਼ੁਰੂ ਵਿੱਚ ਉਹ ਦੋ ਸ਼ਿਫਟਾਂ ਇਕੱਠੀਆਂ ਲਗਾ ਲੈਂਦਾ ਫਿਰ ਤਿੰਨ ਸ਼ਿਫਟਾਂ ਲਗਾਉਣ ਲੱਗ ਪਿਆ। ਆਪਣੀ ਸਾਹੂਲੀਅਤ ਲਈ ਉਹ ਲਗਾਤਾਰ ਚਾਰ ਸਿਫਟ ਯਾਨੀ 32 ਘੰਟੇ ਡਿਊਟੀ ਦਿੰਦਾ ਤੇ ਫਿਰ ਉਹ ਲਗਾਤਾਰ ਦੋ ਦਿਨ ਸੌਂਦਾ।

ਬੱਚਿਆਂ ਨੂੰ ਸਵਾਉਣ ਲਈ ਲੋਰੀ ਦੇਣ ਦਾ ਰਿਵਾਜ਼ ਸੀ ਹੁਣ ਉਹ ਬੱਚੇ ਲੋਰੀ ਦੀ ਬਜਾਏ ਮੋਬਾਇਲ ਦੇਖਦੇ ਦੇਖਦੇ ਸੌਂ ਜਾਂਦੇ ਹਨ। ਪਹਿਲ਼ਾਂ ਮਾਵਾਂ ਬੱਚਿਆਂ ਨੂੰ ਸੰਵਾਉਣ ਲਈ ਹਰੀ ਸਿੰਘ ਨਲੂਏ ਦਾ ਨਾਮ ਲੈਂਦੀਆਂ ਸਨ ਫਿਰ ਇਹ ਮਹਿਕਮਾ ਗੱਬਰ ਸਿੰਘ ਨੇ ਸੰਭਾਲ ਲਿਆ। ਕੁਝ ਦੇਰ ਬੱਚਿਆਂ ਨੂੰ ਸੰਵਾਉਣ ਲਈ ਮਾਣੋਂ ਬਿੱਲੀ ਨੂੰ ਵੀ ਯਾਦ ਕੀਤਾ ਜਾਂਦਾ ਰਿਹਾ ਹੈ। ਕਹਿੰਦੇ ਜਦੋਂ ਰੱਬ ਦਾ ਨਾਮ ਲੈਣਾ ਸ਼ੁਰੂ ਕਰੋ ਜਾਂ ਸਿਮਰਨ ਕਰਨਾ ਆਰੰਭ ਕਰੋ ਤਾਂ ਨੀਂਦ ਆਉਣੀ ਸ਼ੁਰੂ ਹੋ ਜਾਂਦੀ ਹੈ। ਇਹ ਵੀ ਵੇਖਣ ਵਿੱਚ ਆਇਆ ਹੈ ਕਿ ਭੁਖਿਆਂ ਨੂੰ ਵੀ ਨੀਂਦ ਨਹੀਂ ਆਉਂਦੀ ਫਿਰ ਉਹ ਅੱਧੀ ਰਾਤ ਨੂੰ ਪਰੌਂਠੇ ਬਣਾ ਕੇ ਖਾਂਦੇ ਹਨ।



ਰਮੇਸ਼ ਸੇਠੀ ਬਾਦਲ

# ਤੋੜ ਦਿਉ ਨੀ ,ਇਹ ਭਾਗਾਂ ਵਾਲੇ ਛੱਜ ਨੂੰ

ਛੱਜ ਨਾਲ ਅਨੇਕਾਂ ਕਹਾਵਤਾਂ, ਬੋਲੀਆਂ ,ਰਸਮਾਂ ਅਤੇ ਕੰਮ ਜੁੜੇ ਹੋਏ ਹਨ।ਆਉ ਅਗਲੀ ਗੱਲ ਕਰਨ ਤੋਂ ਪਹਿਲਾਂ ਇਸ ਦੀ ਬਣਤਰ ਬਾਰੇ ਜਾਣੀਏ।ਛੱਜ ਸਲਵਾੜ/ਸਰਕੜੇ ਦੀਆਂ ਤੀਲਾਂ ਦਾ ਬਣਾਇਆ ਜਾਂਦਾ ਹੈ।ਸਲਵਾੜ ਦੀਆਂ ਤੀਲਾਂ ਦੀ ਸਤਾਅ ਤਿਲਕਵੀਂ ਹੋਣ ਕਰਕੇ ਇਹਨਾਂ ਦੀ ਵਰਤੋਂ ਕੀਤੀ ਜਾਂਦੀ ਹੈ ਤਾਂ ਕਿ ਦਾਣਿਆਂ ਨੂੰ ਛੱਡਣ ਵੇਲੇ ਓਹ ਵਿੱਚ-ਵਿਚਾਲੇ ਰੁਕਣ ਨਾ।ਇਹਨਾਂ ਤੀਲਾਂ ਨੂੰ ਜੋੜਨ ਲਈ ਚਮੜੀ ਦੀਆਂ ਬਰੀਕ ਰੱਸੀਆਂ ਦੀ ਵਰਤੋਂ ਕੀਤੀ ਜਾਂਦੀ ਹੈ।ਛੱਜ ਨੂੰ ਮਜ਼ਬੂਤ ਬਣਾਉਣ ਲਈ ਇਸ ਦੇ ਮੂੱਠੇ ਅਤੇ ਖੂੰਜਿਆਂ ਤੇ ਮੋਟੀਆਂ ਤੇ ਦੂਹਰੀਆਂ ਤੀਲਾਂ ਲਾਈਆਂ ਜਾਂਦੀਆਂ ਹਨ।ਕਈ ਛੱਜ ਬਣਾਉਣ ਵਾਲੇ ਕਾਰੀਗਰ ਵਿਆਹ/ਸ਼ਾਦੀਆਂ ਮੌਕੇ ਭੰਨੇ ਜਾਣ ਵਾਲੇ ਛੱਜ ਨੂੰ ਆਮ ਛੱਜਾਂ ਨਾਲੋਂ ਸੋਹਣਾ ਤੇ ਦਿਲਖਿੱਚਵਾਂ ਬਣਾਉਂਦੇ ਹਨ। ਛੱਜ ਦੀ ਸਭ ਤੋਂ ਜਿਆਦਾ ਵਰਤੋਂ ਘਰਾਂ ਵਿੱਚ ਕਣਕ/ਦਾਣਿਆਂ ਨੂੰ ਛੰਡਣ,ਸਵਾਰਨ ਲਈ ਕੀਤੀ ਜਾਂਦੀ ਹੈ।ਘਰ ਵਿੱਚ ਸਾਲ ਭਰ ਖਾਣ ਲਈ ਰੱਖੀ ਕਣਕ ਵਿੱਚ ਘੂੰਡੀਆਂ, ਕਰਾ ਅਤੇ ਰੇਤਾ-ਮਿੱਟੀ ਰਲਿਆ ਹੁੰਦਾ ਹੈ।ਸੋ ਕਣਕ ਨੂੰ ਚੱਕੀ ਤੇ ਭੇਜਣ ਤੋਂ ਪਹਿਲਾਂ ਸਾਫ ਕਰਨ ਲਈ ਛੱਜ ਦੀ ਵਰਤੋਂ ਕੀਤੀ ਜਾਂਦੀ ਹੈ।ਘਰ ਦੀਆਂ ਸੁਆਣੀਆਂ ਚੰਗੀ ਕਿਸਮ ਦਾ ਆਟੇ ਲਈ ਕਣਕ ਨੂੰ ਚੰਗੀ ਤਰਾਂ ਸਾਫ ਕਰਦੀਆਂ ਹਨ ਤਾਂ ਕਿ ਆਟੇ ਵਿੱਚ ਕਿਸੇ ਪ੍ਰਕਾਰ ਦਾ ਘੱਟਾ-ਮਿੱਟੀ ਤੇ ਹੋਰ ਅਣਚਾਹੇ ਬੀਜ਼ ਵਗੈਰਾ ਨਾ ਰਹਿਣ ।

ਪੁਰਾਣੇ ਸਮਿਆਂ 'ਚ ਘਰ ਦੇ ਦਰਵਾਜੇ ਤੇ ਆਏ ਕਿਸੇ ਸਵਾਲੀ ਨੂੰ ਦਾਨ-ਪੁੰਨ ਕਰਨ ਲਈ ਛੱਜ ਦੀ ਵਰਤੋਂ ਕੀਤੀ ਜਾਂਦੀ ਸੀ।ਹਰ ਕੋਈ ਆਪਣੀ ਹੈਸੀਅਤ ਅਨੁਸਾਰ ਦਾਣੇ ਛੱਜ ਵਿੱਚ ਪਾ ਕੇ ਭਿਖਾਰੀ ਨੂੰ ਦਾਨ ਵਜੋਂ ਦਿੰਦਾ ਸੀ।ਇਸ ਤੋਂ ਇਲਾਵਾ ਇਹ ਵੀ ਸੁਣਨ ਨੂੰ ਮਿਲਦਾ ਹੈ ਕਿ ਕਈ ਇਲਾਕਿਆ ਵਿੱਚ ਜੇ ਕਿਸੇ ਘਰ ਦੋ-ਤਿੰਨ ਲੜਕੀਆਂ ਬਾਅਦ ਲੜਕਾ ਪੈਦਾ ਹੋਣਾ ਤਾਂ ਉਸ ਨੂੰ ਦਾਈ ਛੱਜ 'ਚ ਪਾ ਕੇ ਪਰਿਵਾਰ ਦੇ ਹਵਾਲੇ ਕਰਦੀ ਸੀ।ਇਹ ਇੱਕ ਰਸਮ ਵਜੋਂ ਕੀਤਾ ਜਾਂਦਾ ਸੀ।

ਜਦੋਂ ਵਿਆਹ-ਸ਼ਾਦੀ ਦੀ ਰਸ਼ਮ ਅੱਜ ਵਾਂਗ ਮੈਰਿਜ ਪੈਲੇਸ ਵਿੱਚ ਨਹੀਂ ਕੀਤੀ ਜਾਂਦੀ ਸੀ।ਬਰਾਤਾਂ ਦੋ-ਤਿੰਨ ਠਹਿਰ ਦੀਆਂ ਸਨ।ਰਿਸ਼ਤੇਦਾਰ, ਸ਼ਰੀਕਾ,ਕਬੀਲਾ ਕਈ-ਕਈ ਦਿਨ ਇਹਨਾਂ ਸਮਾਗਮਾਂ 'ਚ ਸ਼ਾਮਲ ਹੁੰਦੇ



ਸਨ।ਉਸ ਵਕਤ ਘਰ ਵਾਲਿਆਂ ਵਲੋਂ ਧੀ ਜਾਂ ਨੂੰਹ ਪਾਇਆ ਜਾਣ ਵਾਲਾ ਗਹਿਣਾ-ਗਟੇ ਨੂੰ ਛੱਜ 'ਚ ਪਾ ਕੇ ਦਿਖਾਇਆ ਜਾਂਦਾ ਸੀ। ਘਰ ਵਾਲੇ ਗਹਿਣੇ -ਗਟੇ ਦਾ ਭਰਿਆ ਛੱਜ ਧੀ ਜਾਂ ਨੂੰਹ ਦੇ ਪਾਉਣ ਲਈ ਅੱਗੇ ਉਸ ਦੇ ਸਹੁਰਿਆਂ ਨੂੰ ਪੇਸ ਕਰਦੇ ਸਨ।ਸਹੁਰੇ ਗਹਿਣੇ ਰੱਖ ਲੈਂਦੇ ਸਨ ਅਤੇ ਖਾਲੀ ਛੱਜ ਵਾਪਸ ਮੋੜ ਦਿੰਦੇ ਸਨ ਤੇ ਇਹ ਖਾਲੀ ਛੱਜ ਇੱਕਠੇ ਹੋਏ ਰਿਸ਼ਤੇਦਾਰਾਂ,ਸ਼ਰੀਕਾਂ ਤੇ ਕਬੀਲੇ ਨੂੰ ਦਿਖਾਇਆ ਜਾਂਦਾ ਸੀ।ਭਾਵ ਕਿ ਅਸੀਂ ਦਿਖਾਇਆ ਗਿਆ ਗਹਿਣਾ-ਗੱਟਾ ਪੁੰਨ-ਦਾਨ ਕਰ ਦਿੱਤਾ ਹੈ ਤੇ ਉਹਨਾਂ ਕੋਲੋਂ ਵਾਪਸ ਕੱਝ ਨਹੀਂ ਲਿਆ।ਸੋ ਇਸ ਕਰਕੇ ਹੀ ਇਹ ਕਹਾਵਤ ਬਣੀ ਕਿ ਅਸੀਂ ਤਾਂ ਛੱਜ ਗਹਿਣਿਆਂ ਦਾ ਪਾ ਕੇ ਵਿਆਹ ਕੀਤਾ ਹੈ। ਡੋਲੀ ਤੋਰਨ ਜਾਂ ਬਰਾਤ ਤੁਰਨ ਤੋਂ ਬਾਅਦ ਨਾਨਕਿਆਂ ਵਲੋਂ ਰਾਤ ਨੂੰ ਗਿੱਧੇ ਵਿੱਚ ਭੰਨੇ ਜਾਂਦੇ ਛੱਜ ਦੀ ਰਸ਼ਮ ਕੀਤੀ ਜਾਂਦੀ ਸੀ।ਸੋ ਹੋ ਸਕਦਾ ਇਹ ਇਹ ਖਾਲੀ ਛੱਜ ਭੰਨਣ ਦੀ ਰਸਮ ਦਾ ਰਿਵਾਜ ਉੱਥੋਂ ਆਇਆ ਹੋਵੇ।ਨਾਨਕਾ ਮੇਲ ਰਾਤ ਦੀ ਰੋਟੀ ਖਾ ਕੇ ਗਿੱਧੇ ਦਾ ਪਿੜ ਬੰਨਦਾ ਹੈ।ਗਿੱਧੇ ਵਿੱਚ ਨਾਨਕਾ ਮੇਲ 'ਚ ਆਈਆਂ ਮੇਲਣਾ ਬੋਲੀਆਂ ਪਾ ਕੇ ਖੂਬ ਨੱਚਦੀਆਂ ਹਨ ਤੇ ਛੱਜ ਕੁੱਟਦੀਆਂ ਹਨ।ਨਾਨਕੇ-ਦਾਦਕੇ ਮੇਲ ਦਾ ਖੂਬ ਮੁਕਾਬਲਾ ਹੁੰਦਾ ਹੈ।ਨਾਨਕਾ ਮੇਲ ਉਦੋਂ ਤੱਕ ਗਿੱਧਾ ਪਾਉਂਦਾ ਰਹਿੰਦਾ ਹੈ ਜਦੋਂ ਤੱਕ ਛੱਜ ਪੂਰੀ ਤਰ੍ਹਾਂ ਟੁੱਟ ਨਹੀਂ ਜਾਂਦਾ।ਨਾਨਕੀਆਂ ਅਨੇਕਾਂ ਬੋਲੀਆਂ ਦੇ ਨਾਲ -ਨਾਲ ਇਹ ਬੋਲੀ ਵੀ ਪਾਉਂਦੀਆਂ ਹਨ।

ਤੋੜ ਦਿਉ ਨੀ ,ਇਹ ਭਾਗਾਂ ਵਾਲੇ ਛੱਜ ਨੂੰ।ਜਿਉਂ ਹੀ ਇਹ ਛੱਜ ਟੁੱਟ ਜਾਂਦਾ ਹੈ ,ਇਸ ਦੇ ਨਾਲ ਹੀ ਗਿੱਧੇ ਦੀ ਸਮਾਪਤੀ ਹੋ ਜਾਂਦੀ ਹੈ।ਵਿਆਹ ਦੀ ਇਹ ਨਿਵੇਕਲੀ ਰਸਮ ਹੈ ਜਿਸ ਵਿੱਚ ਕਿਸੇ ਚੀਜ਼/ਵਸਤੂ ਨੂੰ ਤੋੜਨਾ ਬਦ-ਸ਼ਗਨ ਨਹੀਂ ਮੰਨਿਆ ਜਾਂਦਾ ਸਗੋਂ ਇਹ ਸ਼ੁਭ ਸ਼ਗਨ ਵਜੋਂ ਛੱਜ ਤੋੜਨ ਦੀ ਰਸਮ ਨਿਭਾਈ ਜਾਂਦੀ ਹੈ।



ਫਲੇਲ ਸਿੰਘ ਸਿੱਧੂ

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

@samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com